ਮਾਸਕ ਪੱਤਰ

੧ੴ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

## ਸਿੱਖੀ ਦੀ ਪਰਖ–ਚਰਖੜੀ ਦੇ ਦੰਦਿਆਂ ਤੇ

### ਪਿਉ ਪੁੱਤਰ ਚਰਖੜੀ ਤੇ ਚੜ੍ਹਾ ਕੇ ਤੂੰਬਾ ਤੂੰਬਾ ਉਡਾਏ ਗਏ

SEPT 1990

ਸਤੰਬਰ ੧੯੯੦



ਭਾਈ ਸ਼ਾਹਬਾਜ਼ ਸਿੰਘ ਤੇ ਸੁਬੇਗ ਸਿੰਘ ਜੀ

www.AKJ.Org

# ਤ ਤ ਕ ਰਾ


| | | |
|---|---|---|
| ਸਿਖਾਂ ਦੀ ਮਾਰਸ਼ਲ ਸਪਿਰਿਟ ਦਾ ਰਾਜ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| 'ਸਚੁ' ਕੀ ਹੈ ? | ੪ | ,, ,, ,, |
| ਦਰਸ਼ਨ-ਚਮਤਕਾਰ ਕਿਵੇਂ ਪ੍ਰਾਪਤ ਹੋਵੇ ? | ੭ | ,, ,, ,, |
| ਪੰਜਾਂ ਦਾ ਪਰਬੋਧਨ | ੮ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਤੀਰਥੁ ਪੂਰਾ ਸਤਿਗੁਰੂ | ੧੨ | ਪ੍ਰੋਫ਼ੈਸਰ ਗੁਰਮੁਖ ਸਿੰਘ ਜੀ |
| ਅਰਦਾਸ ਕਿਸ ਅੱਗੇ ? | ੧੫ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਗੁਰਬਾਣੀ ਅਨੁਸਾਰ ਮਾਸ ਦੀ ਵਰਤੋਂ ਬਿਬਰਜਤ | ੧੭ | ਭਾਈ ਰਾਮ ਸਿੰਘ ਜੀ |
| ਮਾਡਲ ਟੈਸਟ ਪੇਪਰ ਅਨੰਦੁ ਸਾਹਿਬ | ੨੧ | ਗੁਰਬਾਣੀ ਥਰੈਪੀ ਟ੍ਰਸਟ |
| ਸਿਖ ਕਰਨ ਤਾਂ ਕੀ ਕਰਨ ? | ੨੫ | ਭਾਈ ਨਰੈਣ ਸਿੰਘ ਜੀ ਐਮ.ਏ. |
| ਕਿਉਂ ਸੁੱਤਾ ਲੰਮੀਆਂ ਤਾਣ ? (ਕਵਿਤਾ) | ੨੬ | ਸ: ਸੰਤਾ ਸਿੰਘ ਜੀ ਆਜਿਜ਼ |
| ਸੂਰਬੀਰ ਬੀਬੀ ਜੋਗਿੰਦਰ ਕੌਰ ਦੀ ਦਲੇਰੀ | ੨੭ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੧੧) | ੩੦ | ਕੈਪਟਿਨ ਸਵਰਨ ਸਿੰਘ ਜੀ |
| ਦੁਬਿਧਾ ਤੇ ਹਉਮੈ | ੩੬ | ਪ੍ਰੋਫ਼ੈਸਰ ਸਾਹਿਬ ਸਿੰਘ ਜੀ |
| ਧੰਨ ਧੰਨ ਇਹ ਸਿੱਖੀ ਏ (ਕਵਿਤਾ) | ੩੭ | ਸ: ਅਤਰ ਸਿੰਘ ਜੀ ਨੀਰ |
| ਦੋਦੜੇ ਡੇਰੇ ਨਾਲ ਅਖੰਡ ਕੀਰਤਨੀ ਜਥੇ ਦੀ ਸਾਂਝ ? | ੩੯ | — — — |
| ਤੂ ਦਾਤਾ ਦਾਤਾਰੁ | ੪੦ | ਸ: ਕੁਲਦੀਪ ਸਿੰਘ ਜੀ ਹਉਰਾ |


| | | | |
|---|---|---|---|
| ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ | ੩ ਸਤੰਬਰ | ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ | ੫ ਸਤੰਬਰ |
| ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ | ੯ ਸਤੰਬਰ | ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤ | ੧੪ ਸਤੰਬਰ |

## 'ਸੂਰਾ' ਦੇ ਚੰਦੇ ਤੇ ਬਕਾਏ ਅ: ਲਾਈਫ਼ ਮੈਂਬਰ ਦੇ ਕੇ ਰਸੀਦ ਲਓ

੧ ਲੁਧਿਆਣਾ – ਗਿਆਨੀ ਅਜੀਤ ਸਿੰਘ ਜੀ, ਵਿਯੋਗੀ ਨਿਕੇਤਨ, ਗਲੀ ਨੰਬਰ ੭, ਫੀਲਡ ਗੰਜ
੨. ਪਟਿਆਲਾ – ਪ੍ਰੋਫ਼ੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੩. ਜਲੰਧਰ - ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ – ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ – ਪਿੰਡ ਰੱਹੀੜਾ (ਕੁਪ ਘਨੂਘਾਰਾ) ਭਾਈ ਦਰਸ਼ਨ ਸਿੰਘ ਜੀ ਦਰਸ
੭. ਫ਼ਰੀਦਾਬਾਦ (ਹਰਿਆਣਾ) ਭਾਈ ਮੋਹਨ ਸਿੰਘ ਜੀ, ਕੋਠੀ ਨੰਬਰ ੧੧੨੯, ਸੈਕਟਰ ੧੫
੮. ਦਿੱਲੀ – ਭਾਈ ਹਰਦਿਤ ਸਿੰਘ ਜੀ, ਏ-੩੫ ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ - ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਅੰਮ੍ਰਿਤਸਰ - ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ ੪੨੭੮੭


ਲਾਇਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੯-੯੦ ਨੂੰ ਪ੍ਰਕਾਸ਼ਤ ਕੀਤਾ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਮਾਸਕ ਪੱਤਰ — ਸ੍ਰੀ ਅੰਮ੍ਰਿਤਸਰ

ਸਾਲਾਨਾ ਚੰਦਾ

| | |
|---|---|
| ਦੇਸ | ੨੦-੦੦ |
| ਇਕ ਪਰਚਾ | ੨-੦੦ |

ਪਰਦੇਸ (ਸਾਰੇ ਦੇਸ)

ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੪੦-੦੦ |
| ਹਵਾਈ ਡਾਕ | ੧੦੦-੦੦ |

Foreign Subscriptio

| | |
|---|---|
| Sea Mail | 40-0 |
| Air Mail | 100-0 |

ਅਮਾਨਤੀ

ਲਾਈਫ ਮੈਂਬਰ

| | |
|---|---|
| ਦੇਸ | ੨੦੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੪ ਸਤੰਬਰ ੧੯੯੦ ਅੰਕ ੯


# ਸਿੱਖਾਂ ਦੀ ਮਾਰਸ਼ਲ ਸਪਿਰਿਟ ਦਾ ਰਾਜ਼

ਮਾਰਸ਼ਲ ਸਪਿਰਿਟ, ਸੱਚੀ ਸੂਰਬੀਰਤਾ ਦੇ ਜੌਹਰ, ਸ੍ਰੀ ਕਲਗੀ ਵਾਲੇ ਦੀਆਂ ਖੰਡੇਧਾਰ ਅੰਮ੍ਰਿਤ ਦੇ ਛਕਣ ਵਾਲੀਆਂ ਫੌਜਾਂ ਨੇ ਜ਼ਮਾਨਾ-ਸਲਫ (ਮੌਜੂਦਾ ਸਮੇਂ) ਵਿਚ ਬਥੇਰੇ ਬੜ੍ਹ ਚੜ੍ਹ ਕੇ ਦਿਖਾਏ ਹਨ। ਚਤ੍ਰਾਲ ਆਦਿਕ ਸਰਹੱਦੀ ਮੁਹਿੰਮਾਂ ਵਿਚ ਅੰਮ੍ਰਿਤਧਾਰੀ ਸਿੱਖਾਂ ਦੇ ਸਾਹਮਣੇ, ਸਾਬਤ ਸਬੂਤ ਦੁੰਬਾ ਖਾਣ ਵਾਲੇ ਗਿਲਜ਼ੇ ਪਠਾਣ ਗਿਦੜਾਂ ਦੀ ਮੌਤ ਮਰਦੇ ਰਹੇ ਹਨ।......ਅੰਗਰੇਜ਼ੀ ਰਾਜ ਦੇ ਅੰਦਰ ਜੋ ਕਾਰਨਾਮੇ ਸਿੱਖ ਫੌਜਾਂ ਨੇ ਦਿਖਾਏ ਹਨ, ਬੜੇ ਬੜੇ ਅੰਗਰੇਜ਼ ਫੌਜੀ ਕਮਾਂਡਰ ਭੀ ਇਸ ਗੱਲ ਦੇ ਕਾਇਲ ਹੋ ਚੁਕੇ ਹਨ ਕਿ **ਸਿੱਖਾਂ ਵਿਚ ਇਹ ਮਾਰਸ਼ਲ ਸਪਿਰਿਟ ਸਿਰਫ਼ ਖੰਡੇਧਾਰ ਅੰਮ੍ਰਿਤ ਦੇ ਪਰਤਾਪ ਕਰਕੇ ਹੈ।** ਇਹੋ ਵਜ੍ਹਾ ਸੀ ਕਿ ਸਿਖ ਫ਼ੌਜ ਅੰਦਰ ਅੰਮ੍ਰਿਤਧਾਰੀ ਸਿੰਘਾਂ ਨੂੰ ਹੀ ਭਰਤੀ ਕਰਨਾ ਲਾਜ਼ਮੀ ਅਮਰ ਸਮਝਿਆ ਜਾਂਦਾ ਸੀ, ਅਤੇ ਸਿਖ ਫ਼ੌਜੀਆਂ ਦੀ ਰਹਿਤ-ਰਹਿਣੀ ਦਾ ਵੀ ਪੂਰਾ ਪੂਰਾ ਖਿਆਲ ਰਖਿਆ ਜਾਂਦਾ ਸੀ। ਅੱਜ ਕਲ੍ਹ ਇਹ ਖ਼ਿਆਲ ਕਾਫ਼ੂਰ ਹੁੰਦੇ ਚਲੇ ਜਾ ਰਹੇ ਹਨ, ਜਿਹਾ ਕਿ ਫ਼ੌਜਾਂ ਵਿਚ *ਕਿੰਗ ਕਮਿਸ਼ਨ ਦੇ ਅਫਸਰਾਂ ਲਈ ਰਹਿਤ ਵਿਚ ਪੱਕਾ ਰਹਿਣਾ ਜ਼ਰੂਰੀ ਨਹੀਂ ਸਮਝਿਆ ਜਾਂਦਾ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਟਰੈਕਟ "ਭਾਰੀ ਭੁਜਾਨ ਕੋ ਭਾਰੀ ਭਰੋਸੋ" ਵਿਚੋਂ

* ਹੁਣ ਤਾਂ ਫ਼ੌਜਾਂ ਵਿਚ ਸਿੱਖਾਂ ਲਈ 'ਅੰਮ੍ਰਿਤਧਾਰੀ' ਲਾਜ਼ਮੀ ਹੋਣ ਵਾਲੀ ਗੱਲ ਹੀ ਖ਼ਤਮ ਹੈ। —ਸੰਪਾਦਕ




www.AKJ.Org

# 'ਸਚੁ' ਕੀ ਹੈ ?

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਤੱਤ-ਸੱਚ ਸੋ ਹੈ ਜਿਸ ਦੀ ਸੱਤਤਾ ਸਦਾ ਅਸਥਿਰ ਰਹੇ । ਬਿਨਸਨਹਾਰਾ ਸੱਚ, ਛਿਨ ਭੰਗਰੀ ਰਹਿਣ ਵਾਲਾ ਸੱਚ, ਵਾਸਤਵੀ ਸੱਚ ਨਹੀਂ । ਹੱਕ ਸੱਚ ਸੋ ਹੈ ਜੋ ਤ੍ਰੈਕਾਲ ਅਬਾਧ ਹੋਵੇ । ਭੂਤ, ਭਵਿਖ, ਭਵਾਨ ਅੰਦਰ ਦਰ ਹਕੀਕਤ ਸੱਚ ਹੀ ਰਹੇ । ਮੁਢ ਤੋਂ ਹੀ ਜਿਸ ਦੀ ਹਕੀਕਤ ਸੱਤਤਾ ਦੀ ਅਸਲੀਅਤ ਵਾਲੀ ਹੋਵੇ ਅਤੇ ਅਜ਼ਲ ਤੋਂ ਅਬਦ ਤਾਈਂ ਜਿਸ ਦੀ ਸੱਤ ਅਸਲੀਅਤ ਅਤੇ ਹਕੀਕਤ ਵਿਚ ਰਾਈ ਮਾਤਰ ਵੀ ਫ਼ਰਕ ਨਾ ਆਵੇ । ਸੱਚ ਦੇ ਮੁਹੱਕਕ ਜਨ ਤਿਸ ਸੱਚ ਨੂੰ ਹੀ ਅਸਲ ਸੱਚ ਕਰਕੇ ਮੰਨਦੇ ਹਨ । ਤਿਸ ਸੱਚ ਦਾ ਸੁਰਾਗ਼ ਕਿਸੇ ਭੀ ਮਤ ਦੇ ਸੱਚ-ਮੁਤਲਾਸ਼ੀ ਨੂੰ ਅਜ ਤਾਈਂ ਨਹੀਂ ਲੱਭਾ । ਖੋਜ ਖੋਜ ਕੇ ਖਪ ਰਹੇ ਖਟ-ਸ਼ਾਸਤ੍ਰੀ ਫ਼ਿਲਾਸਫ਼ਰਾਂ ਨੂੰ ਇਸ ਤੱਤ-ਸੱਚ ਦੇ ਸੁਰਾਗ਼ ਦਾ ਮੁਸ਼ਕ ਨਹੀਂ ਆਇਆ । ਮਗ਼ਰਬੀ ਰੋਸ਼ਨੀ ਭੀ, ਨਵੀਨ ਫ਼ਿਲਾਸਫ਼ੀ ਭੀ ਸੱਚ ਦੀ ਖੋਜ ਲਭਣ ਵਿਚ ਕਾਸਰ ਹੀ ਰਹੀ। ਤੱਤ-ਸੱਚ ਲੱਭਾ, ਤਾਂ ਕੇਵਲ ਸਤਿਗੁਰੂ ਨਾਨਕ ਸਾਹਿਬ ਨੂੰ ਲੱਭਾ । ਸ੍ਰੀ ਜਪੁਜੀ ਸਾਹਿਬ ਦੇ ਮੁਖ ਅਰੰਭ ਵਿਚ ਹੀ ਸੁਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਨੇ ਤੱਤ ਨਿਰਣੈ ਕਰ ਕੇ, ਸੱਚ ਦੀ ਤੱਤ ਲਖਸ਼ਨੀ ਤਾਅਰੀਫ਼ (definition) ਇਉਂ ਅੰਕਿਤ ਕਰ ਦਿਤੀ :–

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਇਸ ਬਿਧਿ ਸਪਸ਼ਟ ਕਰ ਦਿਤਾ ਕਿ 'ਸਚੁ' ਸੋ ਹੈ ਜੋ ਆਦਿ ਤੋਂ ਹੀ ਸੱਚ ਹੋਵੇ, ਧੁਰ ਕਦੀਮ ਤੋਂ, ਜੁਗਾਂ ਦੇ ਆਦਿ ਤੋਂ, ਜੁਗਾਂ ਦੇ ਆਦਿ ਹੋਣ ਤੋਂ ਭੀ ਪਹਿਲਾਂ ਤੋਂ 'ਸੱਚ' ਹੋਵੇ । ਅਤੇ ਸਦੀਵ ਸਰਬ-ਕਾਲ ਲਈ ਆਉਣ ਵਾਲੇ ਜੁਗਾਂ ਜੁਗਾਂਤਰਾਂ ਵਿਖੇ ਭੀ ਸੱਚ ਹੀ ਰਹੇ, ਆਦਿ ਜੁਗਾਦਿ ਭੂਤ ਕਾਲ (ਜ਼ਮਾਨਾ ਸਲਫ਼) ਵਿਖੇ ਭੀ 'ਸਚੁ' ਸੱਚ ਹੀ ਰਹੇ। ਜੋ ਹੁਣ ਜ਼ਮਾਨਾ-ਹਾਲ (ਭਵਾਨ-ਕਾਲ) ਵਿਖੇ ਭੀ ਸੱਚ ਹੈ "ਹੈ ਭੀ ਸਚੁ" ਅਤੇ ਆਉਣ ਵਾਲੇ ਸਾਰਿਆਂ ਸਮਿਆਂ ਜ਼ਮਾਨਿਆਂ ਭਵਿਖਤ ਕਾਲ ਵਿਖੇ ਭੀ ਸੱਚ ਦੀ ਹੋਂਦ ਅਮਿਟ ਰਹੇ "ਹੋਸੀ ਭੀ ਸਚੁ" । ਐਸਾ 'ਸਚੁ' ਤੱਤ-ਸੱਚ ਹੈ, ਜੋ ਕੇਵਲ ਗੁਰਮਤਿ ਨੇ ਪ੍ਰਗਟਾਇਆ, ਦ੍ਰਿੜ੍ਹਾਇਆ ਅਤੇ ਸਤਤਾਇਆ ਹੈ ।

ਸੋ 'ਸਚੁ' ਕੀ ਹੈ ? ਸੋ ਸਦਾ ਸਥਿਤ ਰਹਿਣ ਵਾਲਾ 'ਸਚੁ' ਕੀ ਹੈ ? ਆਦਿ ਜੁਗਾਦੀ ਹੋਣ ਵਾਲਾ, ਹੈ ਭੀ ਹੋਸੀ ਦੀ ਹੋਂਦ ਵਾਲਾ 'ਸਚੁ' ਕੀ ਹੈ ? ਕੇਵਲ ਇਕੋ ਏਕੰਕਾਰ ਵਾਹਿਗੁਰੂ ਨਿਰੰਕਾਰ ਅਕਾਲ ਪੁਰਖ ਹੈ। ਇਸ ਇਕੋ ਇਕ ਓਅੰਕਾਰ ਨਿਰੰਕਾਰ ਅਕਾਲ ਪੁਰਖ ਸੱਚੇ ਵਾਹਿਗੁਰੂ ਦਾ ਨਾਮ ਭੀ ਸਤਿ ਹੈ । ਇਕ ਅਕਾਲ ਪੁਰਖ ਦਾ ਨਾਮ ਭੀ ਇਕ ਹੈ । ਇਕੋ ਅਕਾਲ-ਪੁਰਖ ਆਪ ਭੀ ਸੱਚ ਸਰੂਪ ਹੈ ਅਤੇ ਓਸ ਦਾ ਨਾਮ ਭੀ ਸਤਿ ਹੈ, ਸੱਚ ਸਰੂਪ ਹੈ । ਸਤਿ-ਨਾਮ ਵਾਲਾ ਵਾਹਿਗੁਰੂ ਅਕਾਲ ਪੁਰਖ ਤਦੇ ਹੀ ਸਚੁ ਹੋ ਸਕਦਾ ਹੈ ਜੇਕਰ ਉਸ ਦਾ ਨਾਮ ਭੀ ਸਚੁ ਹੋਵੇ। ਏਸੇ ਕਰਕੇ ਸ੍ਰੀ ਜਪੁਜੀ ਸਾਹਿਬ ਦੇ ਆਦਿ ਮੂਲ ਮੰਗਲਾਚਾਰ ਵਿਖੇ ਸਤਿਗੁਰੂ ਨਾਨਕ ਦੇਵ ਜੀ ਨੇ ਇਹ ਸਚੁ ਸਪਸ਼ਟਾ ਦਿਤਾ ਕਿ ਵਾਹਿਗੁਰੂ ਅਕਾਲ ਪੁਰਖ ਓਅੰਕਾਰ ਅਤੇ ਨਿਰੰਕਾਰ ਦੀ ਮਾਹੀਅਤ ਮਹੱਤਤਾ ਵਿਖੇ ਇਕ ਹੈ ਅਤੇ ਸਤਿ-ਨਾਮ ਸੰਞੁਕਤ ਹੈ । ਸਤਿਨਾਮ ਨਾਮ ਦੀ ਸੰਞੁਕਤਤਾ ਸਹਿਤ ਹੀ ਅਕਾਲ ਪੁਰਖ ਵਾਹਿਗੁਰੂ ਨਿਰੰਕਾਰ ਦੀ ਸੱਤਤਾ ਵਿਦਮਾਨ ਹੈ ।

ਫੇਰ ਸਚ ਦੀ ਤੱਤ ਨੀਸ਼ਾਨ-ਪਛਾਣ ਇਹ ਹੈ ਕਿ ਓਹ ਕਾਰਜ ਰੂਪ (ਕਿਸੇ ਦਾ ਕੀਤਾ ਹੋਇਆ) ਨਹੀਂ ਹੋ ਸਕਦਾ । ਆਪਣੀ ਤੱਤ ਸੱਤਤਾ ਅੰਦਰ ਸਦਾ ਕਾਰਨ ਰੂਪ (ਕਰਤਾ) ਹੀ ਹੁੰਦਾ ਹੈ ਅਤੇ ਕਰਤਾ ਹੀ ਰਹਿੰਦਾ ਹੈ । ਤਾਂ ਤੇ ਕਾਰਜ ਰੂਪ ਰਚਤ ਰਚਨਾ ਦੇ ਪਦਾਰਥਾਂ ਵਿਚੋਂ ਕੋਈ ਪਦਾਰਥ ਭੀ "ਸਚੁ" ਨਹੀਂ ਸਦਾ ਸਕਦਾ । "ਸਚੁ" ਨਿਰਾ ਕਾਰਨ ਰੂਪ ਕਰਤਾ ਹੀ ਨਹੀਂ, ਪੁਰਖੋਤਵੀ ਕਰਤਾ, ਅਰਥਾਤ ਕਰਤਾ ਪੁਰਖ ਹੈ, ਚੈਤੰਨਤਾ ਸੰਪੰਨ ਪਰੀਪੂਰਨ ਸ਼ਕਤੀਸ਼ਰ ਕਰਨ ਕਾਰਨ ਸਮਰੱਥ ਕਰਤਾਰ ਹੈ । ਚੈਤੰਨ ਸਮਰੱਥਾ ਸੰਪੰਨ ਸਰਬ ਕਲਾ ਸਮਰੱਥਤਾ ਵਾਲਾ ਹੈ । ਕਾਰਜ ਰੂਪ ਰਚਨਾ ਹਭੇ ਚਰਾਚਰ ਜੀਵਾਂ ਦਾ ਕਰਮ-ਫਲ-ਦਾਤਾ ਹੈ । ਗੁਰਮਤਿ 'ਸਚੁ' ਕੋਈ ਚੈਤੰਨਤਾ-ਹੀਨ ਧਾਤ (inert substance) ਨਹੀਂ, ਸਗੋਂ ਸਮੂਹ ਰਚਨਾ ਦੀ ਜਿੰਦ-ਜਾਨ ਹੈ, ਅਕੱਲ ਕਲਾ ਸਰਬਾਤਮ ਸਕਤਿ ਪ੍ਰਧਾਨਤਾ



www.AKJ.Org

ਸੰਪੰਨ ਸੁਜੀਵਨ ਪਰਮਾਤਮਾ ਹੈ।

ਫੇਰ ਪਰਮ ਪਰਮਾਤਮ ਤਤਵੀ 'ਸਚੁ' ਦੀ ਇਹ ਨੀਸ਼ਾਨੀ ਹੈ ਕਿ 'ਸਚ' ਨੂੰ ਕਿਸੇ ਦਾ ਭਉ ਨਹੀਂ। 'ਸਚੁ' ਤੋਂ ਉਪਰ ਕਿਸੇ ਦਾ ਹੁਕਮ ਕਰਾਰਾ ਨਹੀਂ, ਨਿਰਭਉ ਨਿਜ ਅਮਰਾਪਦੀ ਅਮਰ ਸਤਾ ਹੈ ਤਾਂ ਕੇਵਲ 'ਸਚੁ' ਨੂੰ ਹੈ। 'ਸਚੁ' ਦੇ ਸਮਸਰ, ਸਚ ਦੇ ਉਪਰ ਹੋਰ ਕੋਈ ਨਹੀਂ। 'ਸਚੁ' ਸਭਨਾਂ ਦਾ ਕਰਤਾ ਹਰਤਾ ਹੈ (ਜੈਸਾ ਕਿ ਅਗੇ ਚਲ ਕੇ ਅਨੇਕਾਂ ਗੁਰ-ਪ੍ਰਮਾਣਾਂ ਦੁਆਰਾ ਸਿਧ ਹੋਵੇਗਾ, ਤਾਹੀਂ ਤੇ 'ਸਚੁ' ਨੂੰ, ਆਦਿ ਜੁਗਾਦੀ ਹੈ ਭੀ ਹੋਸੀ 'ਸਚੁ' ਨੂੰ ਕਿਸੇ ਦਾ ਭਉ ਨਹੀਂ, ਸਰਬਦਾ ਕਾਲ ਨਿਰਭਉ ਹੈ।

ਸਚ ਦੀ ਸਚਿਆਰਤਾ ਸੰਪੰਨ ਮੁਖ ਨੀਸ਼ਾਨੀ ਨਿਰਵੈਰਤਾ ਹੈ। ਵਾਹਿਗੁਰੂ ਨਿਰੰਕਾਰ ਆਪਣੇ ਸਰੂਪ ਵਿਚ ਸਦਾ ਨਿਰਵੈਰ ਹੈ। ਜਿਥੇ ਜਿਸ ਘਟ ਵਿਖੇ ਵਾਹਿਗੁਰੂ ਸਚੁ, ਵਾਹਿਗੁਰੂ ਨਾਮ ਰੂਪੀ ਸਚੁ ਵਸਦਾ ਹੈ, ਤਿਥੇ ਸਦਾ ਨਿਰਵੈਰਤਾ ਦਾ ਵਾਸ ਹੈ। ਸਚੁ ਸਰੂਪ ਵਾਹਿਗੁਰੂ ਦੇ "ਸਚੁ ਨਾਮੁ' ਦੀਆਂ ਕਮਾਈਆਂ ਵਾਲੇ ਸੰਤ ਭਗਤ ਭੀ ਸਦਾ ਹੀ ਨਿਰਵੈਰ ਹਨ, ਸਰਬ ਕਾਲ ਨਿਰਵੈਰ ਰਹਿਣਾ।

"ਸਚੁ" ਦੀ ਸ਼ਿਰੋਮਣ ਤਤ ਸਤ ਸੁਭ ਲਖਣੀ ਨੀਸ਼ਾਨੀ ਇਹ ਹੈ ਕਿ ਉਸ 'ਸਚੁ' ਨੂੰ ਕਦੇ ਕਾਲ ਨਹੀਂ ਵਿਆਪਦਾ, ਸਚੁ ਕਦੇ ਖੈ ਨਹੀਂ ਹੁੰਦਾ। ਸਚੁ ਸਦਾ ਅਖੈ ਅਕਾਲ ਰੂਪ ਹੈ। ਤਾਂ ਹੀ ਤੇ ਪਰਮ ਸੱਚ ਗੁਰਮਤਿ ਅੰਦਰ ਅਕਾਲ ਰੂਪ ਹੈ। ਇਸ ਅਕਾਲ ਰੂਪ 'ਸਚੁ' ਦਾ ਸਦਕਾ ਵਾਹਿਗੁਰੂ ਨਿਰੰਕਾਰ ਦਾ ਨਾਉਂ ਗੁਰੂ ਘਰ ਅੰਦਰ ਅਕਾਲ ਪੁਰਖ ਹੈ, ਪੁਰਖ ਏਸ ਕਰਕੇ ਕਿ ਉਸ ਦਾ ਦਿਬਯ-ਲਤੀਫ਼ੀ ਵਜੂਦ ਹੈ। ਉਸ ਦੀ ਸਰਬੱਗ ਚੈਤੰਨਤਾ ਸੰਪੰਨ ਹੋਂਦ ਮੂਰਤੀ (Existence) ਹੈ।

ਕਾਲ ਚੱਕਰ ਵਿਚ ਆਏ ਬੇਧੇ ਖੇਧੇ ਤ੍ਰੈਕਾਲ ਗੁਣੀ ਵਜੂਦਾਂ ਵਾਲੀ ਉਸ ਦੀ ਮੂਰਤੀ ਨਹੀਂ। ਤੁਰੀਆ ਗੁਣੀ ਅਕਾਲ ਮੂਰਤਿ ਹੋਂਦ ਹਸਤੀ ਕਰਕੇ ਹੀ ਉਹ 'ਸਚੁ' ਹੈ। ਜੇ ਮੂਰਤੀ (ਹੋਂਦ, ਹਸਤੀ, Existence) ਹੀ ਸੱਚ ਦੀ ਨਾ ਹੋਵੇ ਤਾਂ ਉਹ ਸਚੁ ਨਹੀਂ, ਅਸਚੁ ਹੈ। ਦਿਬਯ ਅਕਾਲਤਾ ਵਾਲੀ ਮੂਰਤੀ (ਵਜੂਦ) ਵਾਲਾ ਸਚੁ ਹੈ। ਜਿੰਨੀਆਂ ਭੀ ਤ੍ਰੈਗੁਣੀਆਂ ਮੂਰਤੀਆਂ ਹਨ, ਸੋ ਸਭ ਜੂਨੀਆਂ ਵਿਚ ਆਵਣ ਵਾਲੀਆਂ, ਜੂਨੀਆਂ ਵਿਚ ਭਉਣ ਵਾਲੀਆਂ ਮੂਰਤੀਆਂ ਹਨ। ਇਕ ਸਚੁ ਅਕਾਲ ਮੂਰਤਿ ਹੀ ਹੈ ਜੋ ਅਜੂਨੀ (ਅਜੋਨੀ) ਹੈ, ਜੂਨਾਂ ਅੰਦਰ ਨਹੀਂ ਆਉਂਦੀ, ਜੂਨੀਆਂ ਅੰਦਰ ਨਹੀਂ ਭਉਂਦੀ। ਇਹ 'ਸੱਚ' ਦੀ ਅਤਿ ਉਚ ਤੱਤ ਸੁਭਰ ਭਰ ਲਕਸ਼ਣੀ ਡੇਫ਼ੀਨੀਸ਼ਨ ਹੈ।

ਫੇਰ ਸੱਚ ਦਾ ਸਿਰਮੌਰ ਲਛਣ ਸੈਭੰ ਸਰੂਪ ਹੈ, ਭਾਵ ਗੁਰਮਤਿ ਦ੍ਰਿੜੰਨਾ "ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ" ਐਸਾ ਸਚੁ ਹੈ, ਜੋ ਸੁਤੇ ਪ੍ਰਕਾਸ਼ ਸਰਿਸ਼ਤਾ ਹੈ। ਜਿਸ ਨੂੰ ਕਿਸੇ ਨਹੀਂ ਸਿਰਜਿਆ, ਕਿਸੇ ਨਹੀਂ ਉਪਾਇਆ। ਨਿਜ ਖ਼ਾਸੇ ਤੋਂ ਉਤਪੰਨ ਹੋਇਆ ਸੁਤੇ ਸਿਧ ਪ੍ਰਕਾਸ਼ ਹੋਇਆ ਸੈਭੰ ਸਰੂਪਾ 'ਸਚੁ' ਹੀ ਤੱਤ ਗੁਰਮਤਿ ਲਖੰਨਾ ਸਚੁ ਹੈ।

ਇਸ ਸਚੁ ਨੂੰ ਲਭਿਆ ਜਾ ਸਕਦਾ ਹੈ ਤਾਂ ਕੇਵਲ ਗੁਰ ਪ੍ਰਸਾਦ ਕਰਿ ਹੀ ਲਭਿਆ ਜਾ ਸਕਦਾ ਹੈ ਅਤੇ ਗੁਰ ਪ੍ਰਸਾਦ ਕਰਿ "ਸੱਚਾਂ ਸਿਰ ਸੱਚ" ਸਚੇ ਨਾਮ, ਗੁਰਮਤਿ ਨਾਮ ਦੇ ਜਪਣ ਕਰਿ ਹੀ ਲਭਿਆ ਜਾ ਸਕਦਾ ਹੈ। ਐਵੇਂ ਹੋਰ ਕਿਸੇ ਬਿਧਿ ਭੀ ਇਹ ਸੱਚ ਨਹੀਂ ਲਭ ਸਕਦਾ।

ਲਭਣ ਯੋਗ ਇਕੋ ਸਚੁ, ਸੱਚਾਂ ਸਿਰ ਸੱਚ ਐਸਾ 'ਸਚੁ' ਹੈ, ਜਿਸ ਦੀ ਖੋਜ ਭਾਲ ਟੋਲ ਲੱਭਤਾ ਸੋਚ ਵਿਚਾਰ ਕੀਤਿਆਂ ਨਹੀਂ ਸੋਚੀ ਜਾ ਸਕਦੀ, ਭਾਵੇਂ ਕੋਈ ਲੱਖ ਜੋਗ ਸਾਧਨ ਕਰੇ, ਲੱਖ ਫੱਕੀਆਂ ਲਿਵਤਾਰਾਂ ਲਾਇ ਰਹੇ, ਲੱਖ ਮਨ-ਉਚਤ ਮੈਡੀਟੇਸ਼ਨਾਂ ਵਿਚ ਖਪ ਖਪ ਮਰੇ, ਲੱਖ ਫ਼ਿਲਾਸਫ਼ੀਆਂ ਤੇ ਸਹਜ ਸਿਆਣਪੀ ਨੁਸਖ਼ੇ ਘੋਟਿ ਘੋਟਿ ਪੀਵੇ ਪੜ੍ਹੀਵੇ। ਲੱਖ ਹਿਕਮਤਾਂ ਵਾਲਿਆਂ ਅਨਿਕ ਪ੍ਰਕਾਰੀ ਉਪਨਿਸ਼ਦਾਂ ਦੇ ਘੋਖਣਹਾਰਿਆਂ ਨੂੰ ਹੁਣ ਤਾਈਂ ਇਹ ਭੀ ਸੂਹ ਨਹੀਂ ਲਗ ਸਕੀ ਕਿ 'ਸਚੁ' ਦੀ ਮਾਹੀਅਤ ਕੀ ਹੈ, ਕਿਸ ਪਦਾਰਥ ਦਾ ਨਾਉਂ 'ਸਚੁ' ਹੈ, 'ਸਚੁ' ਵਸਤ ਕੀ ਹੈ। ਐਵੇਂ ਸਭ ਸਿਆਣੇ, ਵਿਦਿਆ ਅਕਲੀ ਸਿਆਣੇ ਭੰਬਲ ਭੂਸੇ ਹੀ ਖਾਂਦੇ ਹਨ। ਕੋਈ ਵੱਡੇ ਤੋਂ ਵੱਡਾ ਜਗਤ-ਸਿਆਣਾ ਅਕਲੱਈਆ ਯਾ ਫ਼ਿਲਾਸਫ਼ਰ ਅਜ ਤਾਈਂ ਯਕੀਨੀ ਤੌਰ ਤੇ ਇਹ ਨਹੀਂ ਨਿਰਖ ਕੇ ਨਿਸ਼ਾਨਾ



www.AKJ.Org

ਲਾ ਸਕਿਆ ਕਿ ਆਹ "ਸਚੁ" ਹੈ । 'ਇਹ' 'ਉਹ' ਦਸਣ ਦੇ ਉਖੜਪੈੜੇ ਹੀ ਮਾਰਦੇ ਹਨ । ਇਹ ਕੇਵਲ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਨੇ ਹੀ ਸੱਚ ਨਿਸ਼ਾਨੇ ਦੀ ਸਪਸ਼ਟ ਸੂੰਹ ਦਿਤੀ ਕਿ 'ਸਚੁ' ਕਿਸ ਪਦਾਰਥ ਨੂੰ ਜਾਨਣਾ ਚਾਹੀਏ । ਜਥਾ ਗੁਰਵਾਕ :-

ਨਾਨਕ ਸਾਚੇ ਕਉ ਸਚੁ ਜਾਣੁ ॥

ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ਰਹਾਉ॥ [ਸਿਰੀਰਾਗੁ ਮ: ੧, ਪੰਨਾ ੧੫

ਗੁਰੂ ਨਾਨਕ ਸਾਹਿਬ ਸਪਸ਼ਟ ਠਿਕਾਣੇ ਦੀ ਗੱਲ ਦਸਦੇ ਹਨ ਕਿ ਕੇਵਲ "ਸਾਚੁ" ਸਚੇ ਅਕਾਲ ਪੁਰਖ ਨੂੰ ਹੀ 'ਸਚੁ' ਜਾਣੁ । ਨਿਸਚੇ ਕਰਕੇ ਜਾਣੋ ਕਿ "ਸਾਚੇ" (ਵਾਹਿਗੁਰੂ) ਬਿਨਾਂ ਹੋਰ "ਸਚੁ" ਕੋਈ ਨਹੀਂ । "ਸਚੁ" ਹੈ ਤਾਂ ਕੇਵਲ "ਸਾਚਾ" ਵਾਹਿਗੁਰੂ ਹੀ ਹੈ । ਇਹੀ ਉਹ ਤੱਤ (ਅਸਲੀ) ਸਚੁ ਹੈ, ਜਿਸ ਨੂੰ ਸੇਵਿਆਂ ਸੱਚਾ ਸੁਖ ਮਿਲਦਾ ਹੈ, ਸੱਚੇ ਦੀ ਸੱਚੀ ਦਰਗਾਹੇ ਮਾਣ ਪਾਈਦਾ ਹੈ । ਕਿਤਨਾ ਉੱਚਾ ਤੇ ਸੁੱਚਾ ਇਹ "ਸਚੁ" ਦਾ ਗੁਰਮਤਿ ਆਦਰਸ਼ (ideal) ਹੈ, ਜੋ ਅਜ ਤਾਈਂ ਕਿਸੇ ਮੱਤ ਮਤਾਂਤਰੀ ਵਡੇ ਤੋਂ ਵਡੇ ਨੇਤਾ ਨੇ ਨਹੀਂ ਜਣਾਇਆ ਲਖਾਇਆ । ਜਣਾਏ ਲਖਾਏ ਕਿਵੇਂ ਕੋਈ, ਜਦ ਕਿਸੇ ਨੂੰ ਸੂਝ ਬੂਝ ਹੀ ਨ ਸੀ ਤੱਤ "ਸੱਚ" ਦੀ । ਜੇ ਕਿਸੇ ਵਡੇ ਤੋਂ ਵਡੇ ਸਿਆਣੇ, ਜਗਤ-ਪਰਸਿਧ ਫ਼ਿਲਾਸਫ਼ਰ ਨੇ 'ਸਚ' ਨੂੰ ਨਿਰਣਾਇਆ ਭੀ ਹੈ ਤਾਂ ਸਿਰਫ 'ਸਚ' ਦਾ ਫਰਜ਼ੀ ਅਨੁਮਾਨ ਹੀ ਲਾਇਆ ਹੈ, ਯਕੀਨੀ ਥਹੁ-ਥਿੱਤਾ 'ਸੱਚ' ਦਾ ਕਿਸੇ ਨੂੰ ਨਹੀਂ ਲਗਾ । ਗੁਰਮਤਿ ਅੰਦਰਿ 'ਸਚ' ਦੀ ਸਰੂਪ-ਲਖਤਾ ਭੀ ਲਖਾਈ ਗਈ ਹੈ ਅਤੇ 'ਸੱਚ' ਦੀ ਲਖਤਾ ਲਖਾਉਣ ਹਿਤ ਸਾਧਨ-ਕਮਾਈ ਭੀ ਦਰਸਾਈ ਦ੍ਰਿੜ੍ਹਾਈ ਗਈ ਹੈ । ਅਤੇ ਤਿਸ ਸਾਧਨ-ਕਮਾਈ ਦਾ ਫਲ ਸਚੇ ਦੀ ਪ੍ਰਾਪਤੀ ਭੀ ਪ੍ਰਾਪਤਾਈ ਗਈ ਹੈ । ਗੁਰੂ ਸਾਹਿਬ ਨਿਸਚੇ ਕਰਾਉਂਦੇ ਹਨ ਕਿ 'ਸੱਚ' ਰੂਪੀ 'ਸਾਚੇ' ਯਾ 'ਸਾਚੇ' ਰੂਪੀ 'ਸੱਚ' ਦੀ ਸੇਵਾ ਐਸੀ ਹੈ ਜਿਸ਼ ਨੂੰ ਕਮਾਇਆਂ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ । ਅਤੇ ਐਸੀ ਮਾਣ-ਵਡਿਆਈ ਪਾਈਦੀ ਹੈ ਕਿ ਸੱਚੀ ਦਰਗਾਹ ਅੰਦਰ ਭੀ ਇਹ ਮਾਣ ਵਡਿਆਈ ਨਿਹਚਲ ਰਹਿੰਦੀ ਹੈ, ਨਾਲਿ ਹੀ ਚਲਦੀ ਹੈ । ਸਚੁ ਸੱਚੇ ਦੀ ਵਡਿਆਈ ਐਸੀ ਹੈ ਕਿ ਐਥੇ ਭੀ ਸੁਖ ਸੱਚਾ ਪ੍ਰਾਪਤਿ ਹੁੰਦਾ ਹੈ ਅਤੇ ਸੱਚੀ ਦਰਗਾਹੇ ਭੀ ਸੱਚਾ ਸੁਖ ਮਿਲਦਾ ਹੈ । ਹੋਇਆ ਨਾ ਅਮਰ, ਅਟੱਲ ਪਦਾਰਥ ਇਹ ਗੁਰਮਤਿ ਦ੍ਰਿੜ੍ਹਾਇਆ ਲਖਾਇਆ "ਸਚੁ" ! 'ਸੱਚ' ਉਤੇ ਸੱਚਾ ਈਮਾਨ ਲਿਆਉਣ ਦਾ ਦੀਖਿਆ-ਮਈ ਸਬਕ ਸਿਖਾਉਂਦੀ ਹੈ ਤਾਂ ਕੇਵਲ ਗੁਰਮਤਿ, ਗੁਰਬਾਣੀ ਹੀ ਸਿਖਾਉਂਦੀ ਹੈ ।

"ਸੱਚ" ਦੀ ਸਚਾਈ (ਸੱਤਤਾ : Reality) ਨਿਰਣਾਉਂਦੀ ਹੈ ਤਾਂ ਕੇਵਲ ਗੁਰਮਤਿ, ਗੁਰਬਾਣੀ ਹੀ ਨਿਰਣਾਉਂਦੀ ਹੈ । ਗੁਰੂ ਨਾਨਕ ਨਿਰੰਕਾਰੀ ਦਾ ਨਿਰਣਾਇਆ "ਸਚੁ" ਉਹ ਹੈ, ਜਿਸ ਨੂੰ ਗੁਰੂ ਨਾਨਕ ਨੇ ਆਪ ਲਖਿਆ ਅਤੇ ਲਖਾਵਣ ਦੀ ਬਿਧੀ ਸੂਚਨਕ ਦੀਖਿਆ ਭੀ ਦਰਸਾਈ । 'ਸੱਚ' ਨੂੰ ਸੇਵਣਾ––ਆਹਾ ! ਇਹ ਐਸਾ ਨੁਕਤਾ ਹੈ, ਜਿਸ ਨੂੰ ਨੁਕਤਾਇਆਂ ਹੀ ਈਮਾਨ ਆਉਂਦਾ ਹੈ, ਇਹ ਸ਼ਰਧਾ ਜੰਮਦੀ ਹੈ ਕਿ ਸਚਮੁਚ "ਸੱਚ" ਇਕ ਹੱਕ ਹਕੀਕੀ ਸੱਤਤਾ ਸੰਪੰਨ ਅਕੱਲ ਕਲਾ ਸਮਰੱਥਾ, ਸਮਰੱਥਵਾਨਤਾ ਦੀ ਸਮੁੱਚਤਾ ਹੈ, ਜਿਸ ਦੀ ਸ਼ਕਤੀ ਸਤਾ ਤੋਂ ਇਨਕਾਰ ਨਹੀਂ ਹੋ ਸਕਦਾ । 'ਸੱਚ' ਕੋਈ ਖਿਆਲੀ ਸ਼ਕਤਿ-ਹੀਣ ਸ਼ੈ ਨਹੀਂ, ਕੋਈ ਵਜੂਦ-ਹੀਣ, ਅਸਲੇ-ਹੀਣ, ਹਸਤੀ ਨਹੀਂ, ਬਲਕਿ ਸਚੀ ਪੌਰਖਤਵ ਪੁਰਖੱਤਵ ਤੱਤਤਾ ਹੈ, ਜਿਸ ਦੇ ਬਿਹੂਣ ਹੋਰ ਸਭ ਕੁਝ ਅਤੱਤ ਅਤੇ ਅਸੱਤ ਹੈ । ਸੱਚੀ ਸਮਰੱਥਤਾ, ਸਰਬ ਕਲਾ ਸੰਪੰਨਤਾਂ ਹੈ ਤਾਂ ਏਸੇ ਵਿਚ ਹੀ ਹੈ । ਗੁਰੂ ਸਾਹਿਬਾਨ ਨੇ ਇਸ ਨੂੰ ਲਖਿਆ ਅਤੇ ਲਖਾਉਣ ਦਾ ਯਕੀਨ ਦਿਵਾਇਆ । ਯਕੀਨ ਹੀ ਨਹੀਂ ਦਿਵਾਇਆ, ਸਗੋਂ ਗੁਰਸਿਖ ਸੇਵਕਾਂ ਨੂੰ ਪਰਤੱਖ ਲਖਾਇਆ । ਲਖਣ ਲਖਾਉਣ ਦੀ ਸੱਚੀ ਗੁਰਮਤਿ ਬਿਧੀ ਸਿਖਾਈ ਅਤੇ ਡੰਕੇ ਦੀ ਚੋਟ ਨਾਲਿ ਦਸਿਆ ਤੇ ਯਕੀਨ ਦਿਵਾਇਆ ਕਿ–

ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥ [ਪੰਨਾ ੧੫

ਹਾਂ ਜੀ ! ਸੱਚ ਮਿਲਿਆ, ਸਚ ਮੁਚ ਮਿਲਿਆ, ਪਰ ਓਨ੍ਹਾਂ ਸੋਫੀਆਂ ਨੂੰ ਮਿਲਿਆ, ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਮਤਿ ਲੈ ਕੇ "ਅਮਲੁ ਗਲੋਲਾ ਕੂੜ ਕਾ" ਨਹੀਂ ਖਾਧਾ ਪੀਤਾ, ਜਿਨ੍ਹਾਂ ਨੇ ਕੂੜਾਵੇ ਮਾਯਾਵੀ



www.AKJ.Org

ਨਸ਼ੇ ਵਿਚ ਬਦ-ਮਸਤ ਹੋ ਕੇ, ਮਤਿ-ਹੀਣ ਹੋ ਕੇ ਮਰਣ ਨਹੀਂ ਵਿਸਾਰਿਆ। ਜੋ "ਖੁਸੀ ਕੀਤੀ ਦਿਨ ਚਾਰਿ" ਦੇ ਮਦ ਵਿਚ ਮਤੇ ਨਹੀਂ ਗਏ। ਸੱਚ ਦੇ ਮੁਤਲਾਸ਼ੀਆਂ ਨੂੰ ਸੱਚ ਦਾ ਸੁਰਾਗ਼ ਮਿਲਿਆ ਤਾਂ ਗੁਰੂ ਘਰ ਵਿਚੋਂ, ਗੁਰੂ ਨਾਨਕ ਦਸਮੇਸ਼ ਦੇ ਦੁਆਰਿਓਂ ਹੀ ਮਿਲਿਆ। ਸੱਚ ਦੇ ਸੱਚੇ ਆਸ਼ਕਾਂ ਨੂੰ, ਸੱਚ ਦੇ ਸੱਚੇ ਸ਼ੈਦਾਈਆਂ ਨੂੰ, ਸੱਚ ਦੇ ਸੱਚੇ ਸੋਫ਼ੀਆਂ ਨੂੰ ਸੱਚ ਦੇ ਨਸ਼ੇ ਦਾ ਖ਼ੁਮਾਰ ਚੜ੍ਹਾਇਆ ਤਾਂ ਸੱਚੇ ਸਤਿਗੁਰ ਨੇ, ਸੱਚ ਦੀ ਸੱਚੀ ਗੁੜ੍ਹਤੀ ਦੇ ਕੇ, ਸੱਚ ਦੀ ਸੱਚੀ ਸ਼ਰਾਬ ਪੀਆਇ ਕੇ ਚੜ੍ਹਾਇਆ। ਇਸ ਸੱਚ ਦੀ ਸ਼ਰਾਬ ਤਿਆਰ ਕਰਨ ਲਈ ਐਸਾ ਲਾਹਣ ਪਾਇਆ, ਜਿਸ ਵਿਚਿ ਗੁੜ ਤੇ ਕਸ ਮੇਲਣ ਦੀ ਲੋੜ ਨਾ ਰਹੀ। ਸਚੁ ਰੂਪੀ ਸੱਚੇ ਮਾਸ਼ੂਕ ਦੇ ਮਿਲਾਉਣ ਲਈ, ਸੱਚੇ ਪ੍ਰੀਤਮ ਵਾਹਿਗੁਰੂ-ਮਈ ਸੱਚ ਦਰਸਾਉਣ ਲਈ, ਸੱਚ ਪਿਰੀਆ ਦੇ ਦਿਦਾਰੇ ਕਰਾਉਣ ਲਈ,ਸੱਚੇ ਨਾਮ ਰੂਪੀ ਅੰਮ੍ਰਿਤ ਬੂਟੀ ਸੰਜੋਈ ਸੰਚੋਈ, ਜਿਸ ਅੰਮ੍ਰਿਤ ਨਾਮ ਰੂਪੀ ਸੱਚ ਨੂੰ ਸਤਿਗੁਰੂ ਦੁਆਰਿਓਂ ਦੀਖਤ ਹੋ ਕੇ ਸੁਣਨ, ਪੜ੍ਹਨ, ਵਖਾਨਣਹਾਰੇ ਸਭ ਕਿਰਤ ਕਿਰਤ ਹੋ ਗਏ ਅਤੇ ਖੀਵੇ ਮਤਵਾਲੜੇ ਹੋਇਕੇ ਸੱਚੇ ਪ੍ਰੀਤਮ ਦੇ ਮਹਲੀਂ ਜਾਇ ਪ੍ਰਾਪਤਿ ਹੋਏ। ਸੱਚ ਹੱਕ ਹਕੀਕੀ ਮਾਸ਼ੂਕੜੇ ਦੀ ਇਸ਼ਕ ਮੰਜ਼ਲੀ ਜਾ ਪੁਗ ਖਲੋਏ। ਯਥਾ ਗੁਰਵਾਕ–

ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥
ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥
ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥
ਨਾਨਕ ਸਾਚੇ ਕਉ ਸਚੁ ਜਾਣੁ ॥
ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ਰਹਾਉ॥
ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥
ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥
ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥ [ਸਿਰੀ ਰਾਗੁ ਮ: ੧, ਪੰਨਾ ੧੫-੧੬

ਹਾਂ ਜੀ! ਸੱਚੇ ਦੇ ਦਰਬਾਰ ਵਿਚ ਸਮਾਈ ਤਿਸ ਦੀ ਹੁੰਦੀ ਹੈ, ਜਿਸ ਨੂੰ ਸੱਚ ਦੀ ਖਮੀਰ ਵਾਲਾ ਪਦਾਰਥ ਮਿਲ ਜਾਏ। ਉਹ ਸੱਚ, ਸੱਚ-ਪਦਾਰਥੁ ਨਾਮੁ ਹੈ, ਜੋ ਸਤਿਗੁਰੂ ਸੱਚੇ ਪਾਤਸ਼ਾਹ ਨੇ ਸੱਚੇ ਵਾਹਿਗੁਰੂ ਦੀ ਸੱਚੀ ਦਰਗਹੋਂ ਲਿਆਂਦਾ, ਕਲਜੁਗੀ ਜੀਵਾਂ ਦੀ ਸੱਚੀ ਕਲਿਆਨ ਨਮਿਤ। ਤਾਂ ਤੇ ਗੁਰਬਾਣੀ ਵਿਖੇ ਜਿਥੇ ਕਿਤੇ ਭੀ "ਸਚੁ" ਪਦ ਆਉਂਦਾ ਹੈ ਤਿਸ ਤੋਂ ਮੁਰਾਦ ਨਾਮ ਤੋਂ ਹੁੰਦੀ ਹੈ ਯਾ ਨਾਮੀ ਵਾਹਿਗੁਰੂ ਤੋਂ। ਨਾਮ ਤੇ ਨਾਮੀ ਅਭੇਦ ਹੋਣ ਕਰਿ 'ਸਚੁ' ਪਦ ਨਾਮ ਅਤੇ ਨਾਮੀ ਪਰਥਾਇ ਹੀ ਗੁਰਬਾਣੀ ਅੰਦਰਿ ਵਰਤਿਆ ਗਿਆ ਹੈ। [ਚਲਦਾ]

['ਗੁਰਮਤਿ ਸੱਚ ਨਿਰਣੈ' ਪੁਸਤਕ ਵਿਚੋਂ

# ਦਰਸ਼ਨ-ਚਮਤਕਾਰ ਕਿਵੇਂ ਪ੍ਰਾਪਤ ਹੋਵੇ ?

ਗੁਰ-ਦਰਸ਼ਨ ਦੀ ਪ੍ਰਾਪਤੀ ਨੂੰ ਪ੍ਰਤੀਤ ਸੰਯੁਕਤ ਅਤੇ ਸਿਕ ਪੂਰਬਕ ਗੁਰਬਾਣੀ ਅਤੇ ਨਾਮ ਸੰਗ ਇਕ-ਤਾਰ ਜੁਟੇ ਹੀ ਰਹਿਣਾ, ਜੋਤਿ ਸਰੂਪੀ ਦਿਬ ਜੋਤਿ ਦੇ ਦਰਸ਼ਨਾਂ ਦੇ ਪ੍ਰਾਪਤ ਕਰਾਵਣ ਨੂੰ ਅਵੱਸ਼ ਸਮਰੱਥ ਹੈ। ਜੋ ਸਦੀਵੀ ਸੁਆਸ ਸੁਆਸ ਨਾਮ ਜਪਦੇ ਹਨ, ਤਿਨ੍ਹਾਂ ਦੇ ਘਟ ਵਿਖੇ ਤਾਂ ਗੁਰੂ ਦੀ ਜਾਗਦੀ ਜੋਤਿ ਹਰ ਦਮ ਹੀ ਜਾਗਦੀ ਹੈ। ਉਹ ਤਾਂ ਹਰ ਦਮ ਸਰਬ ਸਮੇਂ ਸਰਬ ਥਾਂ ਹੀ ਦਰਸ਼ਨਾਂ ਦੀ ਮਸਤੀ ਵਿਚ ਮਸਤ ਹਨ ਅਤੇ ਨਾਮ ਦੇ ਰੰਗ ਵਿਚ ਰੰਗੇ ਜਾ ਕੇ ਨਾਮੀ ਨਾਲ ਅਭੇਦ ਰੂਪ ਹੋ ਰਹੇ ਹਨ। ਪ੍ਰੀਤਮ ਦੇ ਪ੍ਰਕਾਸ਼ ਦੇ ਪਰਤਵ ਪ੍ਰਭਾਵ ਅਤੇ ਪ੍ਰਕਾਸ਼ ਦੀ ਜੋਤਿ ਦੇ ਪਰਤਾਪ ਕਰਕੇ ਜੋਤਿ-ਰਸ-ਭਿੰਨੇ ਅਤੇ ਦਰਸ-ਜੋਤਿ ਭਿੰਨੜੇ ਲੋਇਣਾਂ ਅਗੇ ਉਜਿਆਰਾ ਹੀ ਉਜਿਆਰਾ ਹੈ। ਬਾਣੀ ਤੇ ਨਾਮ ਨਾਲ ਨੇਹੁ ਜੋੜਨ ਨਾਲ ਜੋਤਿ ਦੀ ਕਿਰਣ ਪ੍ਰਕਾਸ਼ ਪੈਂਦੀ ਹੈ ਅਤੇ ਫੇਰ ਜਿਉਂ ਜਿਉਂ ਇਹ ਨੇਹੁ ਵਧਦਾ ਜਾਂਦਾ ਹੈ ਤਿਉਂ ਤਿਉਂ ਜੋਤਿ ਵੀ ਪਸਰਦੀ ਹੈ। ਉਸ ਸੱਚੀ ਜੋਤਿ ਦਾ, ਉਸ ਸੱਚੇ ਪ੍ਰਕਾਸ਼ ਦਾ ਜਿਨ੍ਹਾਂ ਨੂੰ ਉਜਿਆਰਾ ਨਹੀਂ ਹੋਇਆ, ਉਹ ਨਾਮ ਨਾਲ ਨੇਹੁ ਲਾ ਕੇ ਪਰਤਿਆ ਕੇ ਵੇਖ ਲੈਣ। ਪਰ ਨਾਮ ਨਾਲ ਜੁਟਣ ਤੋਂ ਪਹਿਲਾਂ ਵਿਚਾਰ ਕੇ ਇਹ ਭੀ ਦੇਖ ਲੈਣ ਕਿ ਅਜਿਹੇ ਦੈਵੀ ਦਰਸ਼ਨਾਂ ਦੇ ਤਾਈਂ ਇਕ ਵਾਰ ਆਪਾ ਅਰਪਣਾ ਜ਼ਰੂਰ ਪੈਂਦਾ ਹੈ। [ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਗਿਆਨ-ਚਾਨਣਾ' ਟਰੈਕਟ ਵਿਚੋਂ

www.AKJ.Org

# ਪੰਜਾਂ ਦਾ ਪਰਬੋਧਨ

[ਪ੍ਰਿੰਸੀਪਲ ਸੱਜਣ ਸਿੰਘ ਜੀ, 618/6, ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿੱਲੀ]

ਅਸੀਂ ਡਾਰਵਿਨ-ਥਿਊਰੀ ਨਾਲ ਸਹਿਮਤ ਹੋਈਏ ਜਾਂ ਨਾ, ਪਰ ਇਹ ਹਕੀਕਤ ਹੈ ਕਿ ਇਨਸਾਨ ਜਦ ਪਤਿਤ ਹੁੰਦਾ ਹੈ ਤਾਂ ਨੀਵੇਂ ਤੋਂ ਨੀਵੇਂ ਜਾਨਵਰ ਦੀ ਭੂਮਿਕਾ ਨਿਭਾਉਣ ਤੋਂ ਵੀ ਸੰਕੋਚ ਨਹੀਂ ਕਰਦਾ। ਸ਼ਰਫੁਲ-ਮਖ਼ਲੂਕਾਤ ਕਹਿਲਾਉਣ ਵਾਲਾ ਬੰਦਾ ਅਨੇਕਾਂ ਜੂਨਾਂ ਦੀਆਂ ਠੋਕਰਾਂ ਖਾ ਕੇ, ਉਨ੍ਹਾਂ ਦੀਆਂ ਭੈੜੀਆਂ ਖ਼ਸਲਤਾਂ ਤੇ ਕੁਵਾਦੜੀਆਂ ਅਜੇ ਵੀ ਸੰਭਾਲੀ ਬੈਠਾ ਹੈ। ਇਹ ਬਗਲੇ ਵਾਂਗਰ ਕਪਟੀ, ਪੰਖੰਡੀ ਤੇ ਸੁਆਰਥੀ ਹੈ। ਕੁੱਤੇ ਵਾਂਗ ਲੋਭੀ ਤੇ ਭੌਂਕੂ, ਪਸ਼ੂ ਵਾਂਗ ਅਵਾਰਾ ਤੇ ਪੇਟੂ, ਕਾਂ ਵਾਂਗ ਭੱਖ-ਅਭੱਖ ਭੱਖਣ ਵਾਲਾ, ਮੱਖੀ ਵਾਂਗ ਦੁਰਗੰਧ ਦਾ ਚਾਹਤਾ, ਹਾਥੀ ਵਾਂਗ ਹੰਕਾਰੀ ਤੇ ਦਿਵਾਨਾ, ਹਿਰਨ ਵਾਂਗ ਅਗਿਆਨੀ, ਮੱਕੜੀ ਵਾਂਗ ਸੰਸਾਰ ਦੇ ਮੋਹ ਵਿਚ ਫੱਸਣ ਵਾਲਾ ਤੇ ਸ਼ਹਿਦ ਦੀ ਮੱਖੀ ਵਾਂਗ ਮਾਇਆ ਸੰਚ ਕੇ ਮਰਤੀ ਬਾਰ ਦੂਸਰੇ ਨੂੰ ਸੌਂਪਣ ਵਾਲਾ ਜੀਵ ਹੈ। ਇਸ ਤੇ ਕੋਈ ਭਰੋਸਾ ਨਹੀਂ ਕਿ ਪਿਛਲੇ ਜਨਮ ਦਾ ਕਿਹੜਾ ਭੂਤ ਇਸ ਤੇ ਸਵਾਰ ਹੋ ਜਾਏ।

ਸਿਰਜਣਹਾਰ ਨੇ ਇਨਸਾਨੀ ਕਲਬੂਤ ਇਕ ਐਸੀ ਮਸ਼ੀਨ ਦੀ ਸਿਰਜਣਾ ਕੀਤੀ ਹੈ ਜਿਸ ਦਾ ਬਦਲ ਵਿਗਿਆਨੀਆਂ ਕੋਲ ਨਹੀਂ ਹੈ। ਗੁਰਦੇਵ ਨੇ Five in One (ਪੰਜੇ ਇਕ ਵਿਚ) ਦਾ ਵਰਨਣ ਪੰਜ ਸੌ ਸਾਲ ਪਹਿਲਾਂ ਗੁਰਬਾਣੀ ਵਿਚ ਕੀਤਾ ਹੈ। ਵਾਸਤਵ ਵਿਚ ਹਨ ਤਾਂ ਪੰਜ ਤੋਂ ਜ਼ਿਆਦਾ, ਪਰ ਇਕੋ ਹੀ ਵਰਗ ਦੇ ਵਿਸ਼ੇਸ਼ ਪੰਜ ਜਾਨਵਰਾਂ ਦਾ ਜ਼ਿਕਰ ਕਈ ਵਾਰ ਆਇਆ ਹੈ, ਜਿਹੜੇ ਕਾਂਇਆ ਰੂਪੀ ਕਿਲ੍ਹੇ ਵਿਚ ਭੂਤਾਂ ਪ੍ਰੇਤਾਂ ਵਾਂਗ ਮੰਡਲਾਉਂਦੇ ਹਨ। ਇਸ ਤੋਂ ਵੱਧ ਹੋਰ ਕਿਹੜੀ ਹੈਰਾਨੀ ਦੀ ਗੱਲ ਹੈ ਕਿ ਸਾਨੂੰ ਇਨ੍ਹਾਂ ਦੀ ਹਸਤੀ ਤੇ ਸ਼ਕਤੀ ਦਾ ਗਿਆਨ ਹੀ ਨਹੀਂ, ਸਰੀਰ ਤੋਂ ਬਾਹਰ ਕੱਢਣ ਦਾ ਉਪਰਾਲਾ ਤਾਂ ਇਕ ਪਾਸੇ ਰਿਹਾ। ਇਨ੍ਹਾਂ ਪੰਜਾਂ ਦੀਆਂ ਕਰਤੂਤਾਂ, ਅਵਗੁਣਾਂ, ਜਾਂ ਪ੍ਰਕ੍ਰਿਤੀਆਂ ਨੂੰ ਪੰਜ ਦੋਖ ਜਾਂ ਪੰਜ ਦੋਸ਼ ਕਹਿ ਕੇ ਬਖਾਨਿਆ ਹੈ। ਜਿਹੜੇ ਵਡਭਾਗੇ ਗੁਰਮੁਖ ਸੰਤ ਇਨ੍ਹਾਂ ਤੋਂ ਬੇਲਾਗ ਹਨ, ਉਨ੍ਹਾਂ ਨੂੰ ਅ-ਪਰਸ ਦਾ ਦਰਜਾ ਪ੍ਰਾਪਤ ਹੈ ਤੇ ਪੰਜਾਂ ਦੋਖਾਂ ਦੀ ਭਿੱਟ ਉਨ੍ਹਾਂ ਨੂੰ ਨਹੀਂ ਪੋਂਹਦੀ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸੁਖਮਨੀ ਸਾਹਿਬ ਵਿਚ ਫ਼ੁਰਮਾਉਂਦੇ ਹਨ :–

ਮਿਥਿਆ ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥
ਪਰਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਲ ਸੰਤ ਸੰਗਿ ਹੇਤ ॥
ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥
ਗੁਰਪ੍ਰਸਾਦਿ ਬਿਖਿਆ ਪਰਹਰੈ ॥ ਮਨ ਕੀ ਬਾਸਨਾ ਮਨ ਤੇ ਟਰੈ ॥
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥੯॥ [ਪੰਨਾ ੨੭੪]

ਇਨ੍ਹਾਂ ਦੋਖਾਂ ਦਾ ਨਾਤਾ ਪੰਜ ਗਿਆਨ ਇੰਦ੍ਰੀਆਂ ਨਾਲ ਹੈ। ਹਰੇਕ ਰੋਗੀ ਅੰਗ (ਇੰਦ੍ਰੀ) ਸੰਬੰਧਤ ਜਾਨਵਰ ਵਾਂਗ ਆਪਣਾ ਕਰਮ-ਧਰਮ ਨਿਭਾਉਂਦਾ ਹੈ। ਇਸ ਤੱਥ ਨੂੰ ਸਪਸ਼ਟ ਕਰਨ ਲਈ ਹੇਠ ਦਿੱਤੀ ਗਈ ਸਾਰਣੀ ਕੁਛ ਹੱਦ ਤਕ ਮੰਤਵ ਪੂਰਾ ਕਰ ਸਕਦੀ ਹੈ।

| | ਅੰਗ | ਕਰਮ/ਧਰਮ/ਰੋਗ | ਜਾਨਵਰ |
|---|---|---|---|
| ੧. | ਚਮੜੀ-ਤੁਚਾ | ਸਪਰਸ਼ ਰੋਗ | ਹਾਥੀ-ਗਜ-ਮੈਗਲ-ਕੁੰਚਰ |
| ੨. | ਅੱਖਾਂ-ਨੇਤਰ | ਦ੍ਰਿਸ਼ਟਿ ਰੋਗ | ਪਤੰਗਾ-ਪਰਵਾਨਾ |
| ੩. | ਕੰਨ | ਸ਼ਬਦ/ਨਾਦ ਰੋਗ | ਹਿਰਨ-ਕੁਰੰਕ |
| ੪. | ਜਿਹਬਾ | ਸੁਆਦ ਰੋਗ | ਮੱਛੀ-ਮੀਨ |
| ੫. | ਨੱਕ | ਗੰਧ/ਬਾਸਨ ਰੋਗ | ਭੌਰਾ, ਭ੍ਰਿੰਗ |



www.AKJ.Org

ਚਮੜੀ ਸਪਰਸ਼ ਰੋਗ ਵਿਚ ਗ੍ਰਸੀ ਹੋਈ ਹੈ। ਹਾਥੀ, ਕਾਮ ਰੋਗ ਦਾ ਸ਼ਿਕਾਰ ਹੋ ਕੇ ਪਰਵੱਸ ਪੈਂਦਾ ਤੇ ਸਾਰੀ ਉਮਰ ਮਹਾਵਤ ਦੇ ਕੁੰਡੇ ਹੇਠ ਬਿਤਾਂਦਾ ਹੈ। ਪਰਵਾਨਾ ਰੋਸ਼ਨੀ ਤੇ ਮਸਤ ਹੋ ਕੇ ਆਪਣੀ ਜਾਨ ਗਵਾਉਂਦਾ ਹੈ। ਹਿਰਨ ਘੰਡੇ-ਹੇੜੇ ਦੀ ਧੁਨੀ ਸੁਣ ਕੇ ਲੋਟ ਪੋਟ ਹੁੰਦਾ ਹੈ ਤੇ ਬੰਦੀ ਵਿਚ ਪੈਂਦਾ ਹੈ। ਮੱਛੀ ਜ਼ਬਾਨ ਦੇ ਰਸ ਅਧੀਨ, ਮਾਸ ਦੇ ਟੁਕੜੇ ਖ਼ਾਤਰ ਪਕੜੀ ਜਾਂਦੀ ਹੈ ਤੇ ਭੋਰਾ ਕੰਵਲ ਫੁੱਲ ਦੀ ਵਾਸ਼ਨਾ ਦਾ ਭੁੱਖਾ ਵਿਨਾਸ਼ ਕੋਠੜੀ ਪਹੁੰਚ ਜਾਂਦਾ ਹੈ। ਇਨ੍ਹਾਂ ਬਾਰੇ ਹਜ਼ੂਰ ਦਾ ਪਾਵਨ ਹੁਕਮ ਹੈ :–

ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ ਇਕ ਇੰਦ੍ਰੀ ਪਕਰਿ ਸੰਘਾਰੇ ॥
ਪੰਚ ਭੂਤ ਸਬਲ ਹੈ ਦੇਹੀ ਗੁਰੁ ਸਤਿਗੁਰੁ ਪਾਪ ਨਿਵਾਰੇ ॥੨॥੬॥
(ਨਟ ਮਹਲਾ ੪, ਪੰਨਾ ੯੮੩)

ਇਹ ਦੁਰਦਸ਼ਾ ਹੁੰਦੀ ਹੈ, ਇਕ ਇਕ ਇੰਦ੍ਰੀ ਦੀ ਗ਼ਲਤ ਵਰਤੋਂ ਕਰਕੇ । ਪਰ ਜਿਸ ਪੰਜ-ਭੂਤਕ ਸਰੀਰ ਵਿਚ ਪੰਜੇ ਹੀ ਗਿਆਨ ਇੰਦ੍ਰੇ ਕੁਮਾਰਗ ਪੈ ਜਾਣ, ਉਸ ਦਾ ਰਖਵਾਲਾ ਬਿਨਾਂ ਸਤਿਗੁਰ ਕੌਣ ਹੋ ਸਕਦਾ ਹੈ ?

ਇਕ ਹੋਰ ਮੁਖਵਾਕ ਇਸ ਦੀ ਪ੍ਰੋੜ੍ਹਤਾ ਕਰਦਾ ਹੈ :–

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥ (ਆਸਾ ਰਵਿਦਾਸ ਜੀ–ਪੰਨਾ ੪੮੬)

ਸਾਰਾ ਦ੍ਰਿਸ਼ਟਮਾਨ ਸੰਸਾਰ ਭਾਂਤ ਭਾਂਤ ਦੇ ਰੋਗਾਂ ਵਿਚ ਗ੍ਰਸਿਆ ਹੈ । ਅਕਾਲ ਪੁਰਖ ਨਾਲ ਇਕ-ਮਿੱਕ ਹੋਇਆ ਦਾਤਾਰ ਸਤਿਗੁਰੂ ਹੀ ਰੋਗ-ਰਹਿਤ ਹੈ, ਜੋ ਬਾਂਹ ਪਕੜ ਕੇ ਰੋਗਾਂ ਤੋਂ ਕੱਢ ਲੈਣ ਦੇ ਸਮਰੱਥ ਹੈ। ਇਸ ਰੋਗ ਦਾ ਮੂਲ ਕਾਰਨ ਆਪਣੇ ਧਰਮ ਤੋਂ ਲਾਪਰਵਾਹੀ ਹੈ। ਸੁੱਤੇ ਆਦਮੀ ਦਾ ਆਪਣੇ ਇੰਦ੍ਰਿਆਂ ਤੇ ਕੰਟਰੋਲ ਨਹੀਂ ਰਹਿੰਦਾ, ਕੇਵਲ ਜਾਗਤ ਅਵਸਥਾ ਵਿਚ ਹੀ ਕਾਬੂ ਵਿਚ ਰੱਖਣ ਦੀ ਸੰਭਾਵਨਾ ਹੈ। ਅੱਖਾਂ ਦਾ ਕੰਮ ਸੀ, ਹਰ ਬਸ਼ਰ ਵਿਚ ਸਰਬ ਵਿਆਪੀ ਜੋਤਿ ਨੂੰ ਤੱਕਣਾ, ਇਹ ਸੌਂ ਗਈਆਂ ਤੇ ਵੇਖਣ ਲੱਗ ਪਈਆਂ ਭੈੜੀ ਨਜ਼ਰ ਨਾਲ ਪਰਾਈ ਸੁੰਦਰਤਾ। ਰਸਨਾ ਨੇ ਚੱਖਣਾ ਸੀ ਨਾਮ ਰਸ, ਪਰ ਮਿੱਠੇ ਸੁਆਦੀ ਪਦਾਰਥਾਂ ਦੇ ਲੋਭ ਵਿਚ ਫੱਸ ਗਈ। ਕੰਨਾਂ ਨੇ ਸੱਚ ਨਾਮ ਸੁਣਨਾ ਸੀ, ਪਰ ਨਿੰਦਾ ਸੁਣਨ ਵਿਚ ਗਲਤਾਨ ਹੋ ਗਏ। ਗੁਰਦੇਵ ਫੁਰਮਾਉਂਦੇ ਹਨ ਕਿ ਇਸ ਸਰੀਰ ਵਿਚ ਕੋਈ ਵਿਰਲਾ ਜਾਗਦਾ ਹੈ, ਤੇ ਉਹ ਆਪਣੀ ਨਾਮ ਰੂਪੀ ਪੂੰਜੀ ਨੂੰ ਸਹੀ ਸਲਾਮਤ ਰੱਖਦਾ ਹੈ–

ਨੈਨਹੁ ਨੀਦ ਪਰਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦ ॥੧॥
ਇਸ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ਰਹਾਉ॥...੮੯॥
[ਗਉੜੀ ਗੁਆ: ਮ: ੫, ਪੰਨਾ ੧੮੨]

ਨੱਕ ਸੌਂ ਗਿਆ ਤੇ ਭੋਰੇ ਵਾਂਗ ਕੰਵਲ ਫੁੱਲ ਦੀ ਖ਼ੁਸ਼ਬੂ ਵਿਚ ਮਸਤ ਹੋ ਗਿਆ ਅਤੇ ਆਪਣਾ ਆਪ ਭੁੱਲ ਗਿਆ–.

......ਅਲਿ ਕਮਲੇਹ ਬਾਸਨ ਮਾਹਿ ਮਗਨ... ॥ (ਪੰਨਾ ੪੫੪)

ਹਜ਼ੂਰ ਫੁਰਮਾਉਂਦੇ ਹਨ ਕਿ ਜਿਵੇਂ ਮੂਰਖ਼ ਪਤੰਗਾ ਅਗਨੀ ਦੇ ਜਾਨ-ਲੇਵਾ ਸੇਕ ਵਿਚ ਉਲਝਦਾ ਹੈ, ਇਵੇਂ ਹੀ ਮੁਗਧ ਪ੍ਰਾਣੀ ਕਨਿਕ-ਕਾਮਨੀ ਦੇ ਅੰਨ੍ਹੇ ਪ੍ਰੇਮ ਵਿਚ ਕਾਲ ਦੀ ਫਾਹੀ ਨੂੰ ਭੁੱਲ ਜਾਂਦਾ ਹੈ। ਇਸ ਪ੍ਰਤੀ ਪਾਵਨ ਹੁਕਮ ਹੈ–

ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ ॥
ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ ॥੨॥੨੭॥ [ਆਸਾ ਕਬੀਰ ਜੀ, ਪੰਨਾ ੪੮੨]

ਇਸ ਵਿਚ ਸੰਦੇਹ ਨਹੀਂ ਕਿ ਹਰ ਕਿਸਮ ਦਾ ਗਿਆਨ ਇਨ੍ਹਾਂ ਪੰਜਾਂ ਹੀ ਗਿਆਨ ਇੰਦ੍ਰੀਆਂ ਦੁਆਰਾ ਹੁੰਦਾ ਹੈ, ਪਰ ਸਾਡਾ ਮਨ ਏਨਾ ਅਗਿਆਨੀ ਹੈ ਕਿ ਇਹ ਪੰਜਾਂ ਦੀਆਂ ਪ੍ਰਵਿਰਤੀਆਂ ਨੂੰ ਬਿਲਕੁਲ ਨਹੀਂ ਜਾਣਦਾ। ਜਦ ਵੀ ਇਸ ਨੇ ਇੰਦ੍ਰੀਆਂ ਦੀਆਂ ਵਾਸ਼ਨਾਵਾਂ ਦੀ ਤ੍ਰਿਪਤੀ ਕਰਕੇ ਸੰਜਮ ਤੇ ਜ਼ਬਤ ਵਿਚ ਰੱਖਣ ਦੀ ਕੋਸ਼ਸ਼ ਕੀਤੀ


www.AKJ.Org

ਹੈ, ਮੂੰਹ ਦੀ ਖਾਧੀ ਹੈ। ਜਿਵੇਂ ਅੱਗ ਬਾਲਣ ਨਾਲ ਨਹੀਂ ਰੱਜਦੀ, ਇੰਦ੍ਰੀਆਂ ਕਾਮ ਵਾਸ਼ਨਾਵਾਂ ਦੀ ਪੂਰਤੀ ਤੇ ਅਨੇਕ ਭੋਗਾਂ ਨਾਲ ਤ੍ਰਿਪਤ ਨਹੀਂ ਹੁੰਦੀਆਂ, ਉਲਟੀ ਭੁੱਖ ਤੇ ਲਾਲਸਾ ਹੋਰ ਵਧਦੀ ਹੈ। ਭਾਈ ਗੁਰਦਾਸ ਜੀ ਬਿਆਨ ਕਰਦੇ ਹਨ :–

ਅੱਖੀਂ ਵੇਖਿ ਨ ਰੱਜੀਆਂ ਬਹੁ ਰੰਗ ਤਮਾਸ਼ੇ ॥ ਉਸਤਤਿ ਨਿੰਦਾ ਕੰਨ ਸੁਣਿ ਰੋਵਨ ਤੇ ਹਾਸੇ ॥
ਸਾਦੀਂ ਜੀਭ ਨ ਰੱਜੀਆ, ਕਰਿ ਭੋਗ ਬਿਲਾਸੇ ॥ ਨੱਕ ਨ ਰੱਜਾ ਵਾਸੁ ਲੈ ਦੁਰਗੰਧ ਸੁਵਾਸੇ ॥
ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ ॥ ਪੀਰ ਮੁਰੀਦਾਂ ਪਿਰਹੜੀ ਸੱਚੀ ਰਹਿਰਾਸੇ ॥੯॥ (੨੭)

ਇਨ੍ਹਾਂ ਦਾ ਇਕ ਹੋਰ ਅਵਗੁਣ ਇਕ-ਅੰਗੀ ਪਿਆਰ ਹੈ। ਬੇਵਸ-ਨਾਦ-ਪਿਆਰ ਮਿਰਗ ਦਾ ਵਿਨਾਸ਼ ਕਰਨਾ ਜਾਣਦਾ ਹੈ, ਬਚਾਉਣਾ ਨਹੀਂ ਜਾਣਦਾ। ਜਿਹਬਾ ਦਾ ਸੁਆਦ ਮੱਛੀ ਨੂੰ ਫਸਾਉਂਦਾ ਹੈ, ਲਾਲਚ ਤੋਂ ਵਰਜਦਾ ਨਹੀਂ। ਭਵਰ ਕੰਵਲ ਤੇ ਭਰੋਸਾ ਰੱਖਦਾ ਹੈ, ਉਹ ਉਲਟਾ ਵਿਸ਼ਵਾਸਘਾਤ ਕਰਦਾ ਹੈ। ਪਤੰਗਾ ਦੀਵੇ ਦੀ ਅੱਗ ਨਾਲ ਪਿਆਰ ਨਿਬਾਹੁੰਦਾ ਹੈ, ਪਰ ਅਗਨੀ ਉਸ ਨੂੰ ਭਸਮ ਕਰ ਦੇਂਦੀ ਹੈ। ਹਾਥੀ ਕਾਲਬੂਤ ਦੀ ਹਸਤੀ ਤੇ ਮੋਹਿਤ ਹੁੰਦਾ ਹੈ, ਪਰ ਹਥਨੀ ਉਸ ਨੂੰ ਬੰਦੀ ਬਣਾਉਣ ਦਾ ਕਾਰਨ ਬਣਦੀ ਹੈ। ਇਉਂ ਸੰਸਾਰਕ ਪ੍ਰੀਤਾਂ ਦਾ ਅੰਤ ਹੁੰਦਾ ਹੈ। ਪਰ ਇਸ ਦੇ ਵਿਪਰੀਤ, ਚਾਰ ਅੱਖਰੀ ਪੰਗਤੀ 'ਪ੍ਰੀਤਿ ਪ੍ਰਭੂ ਸਦ ਕੇਲਾ' ਹੀ ਕਾਫ਼ੀ ਹੈ।

ਇਨ੍ਹਾਂ ਇੰਦ੍ਰੀਆਂ ਦੀ ਤੁੱਲਨਾ ਇਕ ਪਾਗਲ ਨਾਲ ਕੀਤੀ ਜਾ ਸਕਦੀ ਹੈ। ਉਦਾਹਰਨ ਵਜੋਂ ਇਕ ਪਾਗਲ ਬਿਮਾਰ ਹੈ, ਰੋਗੀ ਹੈ, ਸੁੱਤਾ ਹੈ, ਅਚੇਤ ਹੈ, ਬੇ-ਸਮਝ ਹੈ, ਅਤ੍ਰਿਪਤ ਹੈ, ਰੱਜਦਾ ਨਹੀਂ, ਕਿਸੇ ਤਰ੍ਹਾਂ ਵੀ ਪਸੀਜਦਾ ਨਹੀਂ। ਉਸ ਦਾ ਪਿਆਰ ਇਕਾਂਗੀ ਹੈ, ਮਾਂ ਬਾਪ, ਭਰਾ ਦੇ ਪਿਆਰ ਬਦਲੇ ਉਹ ਪਿਆਰ ਨਹੀਂ ਕਰਦਾ। ਅਤੇ ਜਦ ਪਾਗਲਪਨ ਦਾ ਦੌਰਾ ਪੈਂਦਾ ਹੈ, ਉਹ ਸੰਭਾਲਿਆਂ ਨਹੀਂ ਸੰਭਲਦਾ, ਮਾਰਦਾ ਕੁੱਟਦਾ ਤੇ ਆਕੀ ਹੋ ਜਾਂਦਾ ਹੈ। ਉਹ ਦਸ਼ਾ ਬਹੁਤ ਭਿਆਨਕ, ਤਰਸਯੋਗ ਤੇ ਡਰਾਉਣੀ ਬਣ ਜਾਂਦੀ ਹੈ। ਇਸ ਤਰ੍ਹਾਂ ਸਾਡੇ ਪੰਜ ਗਿਆਨ ਇੰਦ੍ਰੇ, ਅਰਥਾਤ, ਕੰਨ, ਤੁਚਾ, ਨੇਤਰ, ਰਸਨਾ ਤੇ ਨਾਸਿਕਾ ਨਿਰਬਲ ਜੀਵਾਤਮਾ ਤੋਂ ਆਕੀ ਹੋ ਕੇ ਉਸ ਨੂੰ ਨਚਾਉਂਦੇ ਹਨ ਤੇ ਚੁਰਾਸੀ ਦੇ ਗੇੜ ਵਿਚ ਪਾਈ ਰੱਖਦੇ ਹਨ। ਜੀਵਾਤਮਾ ਸਬਰ ਦਾ ਘੁੱਟ ਪੀ ਕੇ ਨਿੱਘਰੀ ਹੋਈ ਦਸ਼ਾ ਵਿਚ ਰਹਿਣ ਦਾ ਆਦੀ ਹੋ ਜਾਂਦਾ ਹੈ। ਭਗਤ ਕਬੀਰ ਜੀ ਦਾ ਫੁਰਮਾਨ ਹੈ :–

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ ॥
ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ ॥੧॥੭॥ (ਮਾਰੂ ਕਬੀਰ ਜੀ, ਪੰਨਾ ੧੧੦੪)

ਇਨਸਾਨ ਦੀ ਪ੍ਰਮੁੱਖਤਾ ਤੇ ਸੂਰਬੀਰਤਾ ਤਾਂ ਮਿੱਟੀ ਵਿਚ ਰੁਲ ਗਈ, ਜਦ ਸਾਡੇ ਆਪਣੇ ਹੀ ਅੰਗਾਂ ਨੇ ਸਾਡੀ ਬਿਬੇਕ-ਬੁੱਧੀ ਤੇ ਹਾਵੀ ਹੋ ਕੇ ਰਸਾਤਲ ਵਿਚ ਸੁੱਟ ਦਿੱਤਾ। ਪਰ ਧੰਨ ਹਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਜੋ ਸਾਡੇ ਵਰਗੇ ਨਿਰਗੁਨੀਆਰ ਇਆਨਿਆਂ ਦੀ ਆਤਮਕ ਹੀਨਤਾ ਤੇ ਕਮਜ਼ੋਰੀ ਨੂੰ ਤੱਕ ਕੇ ਵਾਹਿਗੁਰੂ ਅਗੇ ਸਿਫਾਰਸ਼ ਕਰਦੇ ਹਨ। *"ਜਿਹ ਪ੍ਰਸਾਦਿ ਭੋਗ ਹਿ ਸਭ ਰਸਾ", ਜਿਸ ਰਸਨਾ ਦੇ ਸਦਕੇ ਅਸੀਂ ਅਨੇਕ ਭੋਗਾ ਦੇ ਰਸ ਮਾਣਦੇ ਹਾਂ, ਨੱਕ ਦੀ ਕੁਵਰਤੋਂ ਕਰਕੇ ਖ਼ੁਸ਼ਬੂ ਭਰੇ ਚੰਦਨ ਦਾ ਤਿਆਗ ਕਰਕੇ ਗਧੇ ਵਾਂਗ ਭਸਮ ਸੰਗ ਪ੍ਰੀਤੀ ਕਰਦੇ ਹਾਂ, "ਚੰਦਨ ਲੇਪੁ ਉਤਾਰੈ ਧੋਇ ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥", ਕੰਨ ਹੁੰਦਿਆਂ ਬੋਲਿਆਂ ਵਾਂਗ ਹਰਿ ਨਾਮ ਕਥਾ ਨਹੀਂ ਸੁਣਦੇ, "ਕਹਾਂ ਬੁਝਾਰਤਿ ਬੂਝੈ ਡੋਰਾ ॥", ਅੰਨ੍ਹਿਆਂ ਨੂੰ ਸੱਚ ਦਾ ਪੰਥ ਨਹੀਂ ਦਿਸਦਾ, "ਸੁਨਿ ਅੰਧਾ ਕੈਸੇ ਮਾਰਗੁ ਪਾਵੈ", ਆਦਿ ਵਾਹਿਗੁਰੂ ਪ੍ਰੀਤਮ ਦੀਆਂ ਅਨੰਤ ਬਖਸ਼ਸ਼ਾਂ ਨੂੰ ਵਿਸਾਰ ਕੇ ਦਾਤੇ ਦੀਆਂ ਦਾਤਾਂ ਵਿੱਚ ਖੱਚਤ ਹੋ ਕੇ ਪਤਿਤ ਹੋ ਰਹੇ ਹਾਂ, ਇਨ੍ਹਾਂ ਨਾਸ਼ੁਕਰੇ ਜੀਵਾਂ ਦੀ ਖ਼ਾਤਰ ਹਜ਼ੂਰ ਵਿਚੋਲਗੀਰੀ ਕਰ ਕੇ ਮੁਖਾਰਬਿੰਦ ਤੋਂ ਉਚਾਰਦੇ ਹਨ :–

ਇਹ ਨਿਰਗੁਨੁ ਗੁਨੁ ਕਛੂ ਨ ਬੂਝੈ ॥ ਬਖਸਿ ਲੇਹੁ ਤਉ ਨਾਨਕ ਸੀਝੈ ॥੧॥੪॥ [ਪੰਨਾ ੨੬੭]

ਕ੍ਰਿਪਾਲੂ ਸਤਿਗੁਰੂ ਨੇ ਨ-ਕੇਵਲ ਬਖ਼ਸ਼ਾਇਆ, ਬਲਕਿ ਬਖ਼ਸ਼ਸ਼ਾਂ-ਰਹਿਮਤਾਂ ਦੇ ਭੰਡਾਰ ਖੋਲ੍ਹ ਦਿੱਤੇ।

* ਸੁਖਮਨੀ ਸਾਹਿਬ, ਅਸਟਪਦੀ ੪, ਪੰਨਾ ੨੬੭



www.AKJ.Org

ਕਾਮਾਦਿਕ ਸ਼ੇਰ ਤੇ ਦਸ ਇੰਦ੍ਰੀਆਂ ਚਰਨਾਂ ਤੇ ਢਹਿ ਪਈਆਂ, ਪਾਪਾਂ ਦੇ ਪਹਾੜ, ਘਾਹ ਵਾਂਗ ਸੜ ਗਏ। ਹਜ਼ੂਰ ਦਾ ਪਾਵਨ ਹੁਕਮ ਹੈ–

ਪੰਚ ਸਿੰਘ ਰਾਖੇ ਪ੍ਰਭ ਮਾਰਿ ॥ ਦਸ ਬਿਘਿਆੜੀ ਲਈ ਨਿਵਾਰਿ ॥...੧॥੫੧॥

[ਰਾਮਕਲੀ ਮ: ੫, ਪੰਨਾ ੮੯੯

ਸਤਸੰਗਤ ਤੋਂ ਅਤਿ ਉਤਸ਼ਾਹ ਤੇ ਸ਼ਕਤੀ ਪਰਦਾਨ ਹੋਈ, ਮਨ ਏਨਾ ਬਲਵਾਨ ਹੋ ਗਿਆ ਕਿ ਆਕੀ ਇੰਦ੍ਰੀਆਂ ਨੂੰ ਆਪਣਾ ਹਠੀਲਾ ਸੁਭਾਅ ਛੱਡ ਕੇ ਗੁਰਉਪਦੇਸ਼ ਦੁਆਰਾ ਆਪਣਾ ਕਰਤੱਵ ਪੂਰਾ ਕਰਨ ਲਈ ਓਟ ਲੈਣੀ ਪਈ। ਜਿਵੇਂ ਦਰੋਗਾ ਸ਼ਹਿਰ ਦੇ ਬਜ਼ਾਰਾਂ ਦੀ ਨਿਗਰਾਨੀ ਤੇ ਦੇਖ-ਭਾਲ ਕਰਦਾ ਹੈ, ਤਿਵੇਂ ਹੀ ਮਨ ਨੇ ਪੰਜਾਂ ਦਾ ਸੁਧਾਰ ਕਰ ਕੇ, ਆਪਾ ਚੀਨਣਾ ਸਿਖਾ ਦਿੱਤਾ। ਹਜ਼ੂਰ ਫ਼ੁਰਮਾਉਂਦੇ ਹਨ :–

ਬਜਾਰੀ ਸੋ ਜੁ ਬਜਾਰਹਿ ਸੋਧੈ ॥ ਪਾਂਚ ਪਲੀਤਹ ਕਉ ਪਰਬੋਧੈ ॥...੩॥੧੦॥

(ਗੋਂਡ ਕਬੀਰ ਜੀ–੮੭੩)

ਇੰਦ੍ਰੀਆਂ ਦੇ ਦ੍ਰਿਸ਼ਟੀਕੋਨ, ਅਵਸਥਾ, ਪ੍ਰਕ੍ਰਿਤੀ ਤੇ ਜੀਵਨ-ਜਾਚ ਵਿਚ ਵਿਲੱਖਣ ਤਬਦੀਲੀ ਸੰਸਾਰ ਨੇ ਤੱਕੀ। ਮਨ ਦੇ ਸੰਤੁਲਤ ਮਾਰਗ-ਦਰਸ਼ਨ ਨੇ ਪੰਜਾਂ ਨੂੰ ਭਉ-ਭਾਵ ਵਿਚ ਰਹਿਣਾ ਸਿਖਾ ਦਿੱਤਾ। ਇਨ੍ਹਾਂ ਦੀ ਭਟਕਣਾ, ਲਾਲਸਾ, ਗ਼ਫਲਤ ਤੇ ਬਿਮਾਰੀਆਂ ਪਰ ਲਾ ਕੇ ਉੱਡ ਗਈਆਂ। ਗੁਰਦੇਵ ਫ਼ੁਰਮਾਉਂਦੇ ਹਨ :–

ਮਿਲਿ ਨਾਰੀ ਸਤਸੰਗਿ ਮੰਗਲੁ ਗਾਵੀਆ ॥ ਘਰ ਕਾ ਹੋਆ ਬੰਧਾਨੁ ਬਹੁੜਿ ਨ ਧਾਵੀਆ ॥...੧੫॥

[ਵਾਰ ਰਾਮਕਲੀ ਮ: ੫–੯੬੪]

ਇਸ ਪ੍ਰਤੀ ਇਕ ਹੋਰ ਗੁਰ ਫ਼ੁਰਮਾਨ ਹੈ :–

ਸਭਿ ਇੰਦ੍ਰੀਆਂ ਵਸਿ ਕਰਿ ਦਿਤੀਓ ਸਤਵੰਤਾ ਸਾੜਾ ॥
ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ ॥...੧੦॥

[ਮਾਰੂ ਵਾਰ ਮ: ੫–੧੦੯੭-੯੮

ਜੀਵਾਤਮਾ ਤੇ ਇੰਦ੍ਰੀਆਂ ਦਾ ਪ੍ਰਸਪਰ ਵਿਰੋਧ ਜਾਂ ਕਸ਼ਮਕਸ਼ ਦਾ ਪ੍ਰਭਾਵ ਹੋ ਗਿਆ। ਵਾਹਿਗੁਰੂ ਨੇ ਮਿੱਤ੍ਰ ਬਣ ਕੇ ਬਿਰਦ-ਪਾਲਣਾ ਕੀਤੀ। ਹੁਣ ਇਹ ਇੰਦ੍ਰੀਆਂ ਜੀਵ ਨੂੰ ਬੁਰੇ ਕੰਮਾਂ ਤੇ ਪਾਪਾਂ ਵਲ ਨਹੀਂ ਪ੍ਰੇਰਦੀਆਂ, ਬਲਕਿ ਆਗਿਆਕਾਰੀ ਬਣ ਕੇ ਪ੍ਰਭੂ-ਪ੍ਰਾਪਤੀ ਦੇ ਸਾਧਨ ਵਿਚ ਸਹਾਇਤਾ ਕਰਦੀਆਂ ਹਨ। ਐਸੇ ਸੁਭਾਗ ਜੀਵ ਗੁਰਸਿੱਖ ਦੀ ਪ੍ਰੀਤਿ ਦਾ ਨਮੂਨਾ ਭਾਈ ਗੁਰਦਾਸ ਜੀ ਨੇ ਇਉਂ ਪੇਸ਼ ਕੀਤਾ ਹੈ :–

ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ ॥ (ਅੱਖਾਂ ਪ੍ਰਤੀ)
ਸਬਦ ਸੁਰਤਿ ਲਿਵ ਮਿਰਗ ਜਿਉ, ਅਨਹਦ ਲਿਵ ਲਾਵੈ ॥ (ਕੰਨਾਂ ਪ੍ਰਤੀ)
ਸਾਧ ਸੰਗਤਿ ਵਿਚ ਮੀਨੁ ਹੋਇ, ਗੁਰਮਤਿ ਸੁਖ ਪਾਵੈ ॥ (ਜੀਭਾ ਪ੍ਰਤੀ)
ਚਰਣ ਕੰਵਲ ਵਿਚਿ ਭਵਰੁ ਹੋਇ ਸੁਖਿ ਰੈਣਿ ਵਿਹਾਵੈ ॥ (ਨੱਕ ਪ੍ਰਤੀ)
ਗੁਰ ਉਪਦੇਸ਼ ਨ ਵਿਸਰੈ ਬਾਬੀਹਾ ਧਿਆਵੈ ॥
ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨ ਸੁਖਾਵੈ ॥੧੪॥ (੨੭)

---

**ਪਾਠਕ ਜੀ–** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।
੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।
੪) ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।
੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

# ਤੀਰਥੁ ਪੂਰਾ ਸਤਿਗੁਰੂ

[ ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ]

ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ, ਛਪੜਿ ਨਾਤੈ ਸਗਵੀ ਮਲੁ ਲਾਏ ॥
ਤੀਰਥੁ ਪੂਰਾ ਸਤਿਗੁਰੂ, ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥੨॥੫॥
(ਵਾਰ ਮਾਝ, ਮ: ੪–੧੪੦)

ਸਨਾਤਨੀ ਹਿੰਦੂ ਧਰਮ ਵਿਚ ਖ਼ਾਸ ਖ਼ਾਸ ਦਿਨ-ਤਿਉਹਾਰਾਂ ਸਮੇਂ ਤੀਰਥ ਇਸ਼ਨਾਨ ਦੀ ਮਹਤੱਤਾ ਬ੍ਰਾਹਮਣ ਨੇ ਇਤਨੀ ਜ਼ਿਆਦਾ ਦ੍ਰਿੜ੍ਹ ਕਰਵਾਈ ਹੋਈ ਹੈ ਕਿ ਲਖਾਂ ਕਰੋੜਾਂ ਹਿੰਦੂ ਗ੍ਰਹਿਣ, ਕੁੰਭ, ਮੱਕਰ ਸੰਕ੍ਰਾਂਤੀ ਦੇ ਮੌਕਿਆਂ ਤੇ ਖ਼ਾਸ ਖ਼ਾਸ ਦਰਿਆਵਾਂ ਜਾਂ ਸਰੋਵਰਾਂ ਦਾ ਇਸ਼ਨਾਨ ਲਾਜ਼ਮੀ ਤੌਰ ਤੇ ਕਰਦੇ ਹਨ। ਇਹੋ ਜਿਹੇ ਮੌਕਿਆਂ ਤੇ ਲੋਕੀ ਪੁੰਨ ਦਾਨ ਭੀ ਕਰਦੇ ਹਨ। ਜਿਥੇ ਦਾਨ ਦੇਣ ਵਾਲੇ ਲੱਖਾਂ ਦੀ ਸੰਖਿਆ ਵਿਚ ਤੀਰਥਾਂ ਤੇ ਪੁਜਦੇ ਹਨ, ਉਥੇ ਦਾਨ ਲੈਣ ਵਾਲੇ ਭੀ ਹਜ਼ਾਰਾਂ ਦੀ ਗਿਣਤੀ ਵਿਚ "ਲਾਹਾ" ਲੈਣ ਲਈ ਪੁਜੇ ਹੁੰਦੇ ਹਨ। ਜੇ ਕਿਤੇ ਸਾਰਾ ਭਾਰਤ ਗੁਰਮਤਿ ਦੇ ਤੀਰਥਾਂ ਸੰਬੰਧੀ ਵਿਚਾਰ ਪਰਵਾਨ ਕਰ ਲਵੇ ਤਾਂ ਭਾਰਤ ਦੇ ਅਰਥ-ਸ਼ਾਸਤਰ (economics) ਵਿਚ ਬੜਾ ਭਾਰੀ ਪਰਿਵਰਤਨ ਆ ਜਾਏ ਅਤੇ ਕਰੋੜਾਂ ਰੁਪਏ ਦਾ ਲੇਨ-ਦੇਨ ਠੱਪ ਹੋ ਕੇ ਰਹਿ ਜਾਏ।

ਹਿੰਦੂ ਧਰਮ ਦੀਆਂ ਕਦਰਾਂ ਕੀਮਤਾਂ ਅਨੁਸਾਰ ਤੀਰਥ ਇਸ਼ਨਾਨ ਇਕ ਪੁੰਨ-ਕਰਮ ਹੈ, ਜਿਸ ਨਾਲ ਮਨੁਖ ਦੇ ਕਮਾਏ ਹੋਏ ਪਾਪ ਤੀਰਥਾਂ ਦੇ ਪਾਣੀ ਰੋੜ੍ਹ ਕੇ ਸਮੁੰਦਰ ਵਲ ਲਿਜਾਂਦੇ ਹਨ। ਸ਼ਾਇਦ ਕਰੋੜਾਂ ਲੋਕਾਂ ਦੇ ਰੁੜ੍ਹ ਕੇ ਆਏ ਪਾਪਾਂ ਕਾਰਨ ਸਮੁੰਦਰ ਦਾ ਪਾਣੀ ਖਾਰਾ ਹੋ ਗਿਆ ਹੈ? ਪਰ ਕੀ ਸਮੁੰਦਰ ਦਾ ਪਾਣੀ ਬਦਲਾਂ ਦਾ ਰੂਪ ਧਾਰ ਕੇ, ਮੁੜ ਸਾਡੇ ਉਪਰ ਪਾਪਾਂ ਦਾ ਮੀਂਹ ਤਾਂ ਨਹੀਂ ਵਰਸਾ ਦਿੰਦਾ? ਅਤੇ ਸਾਡੇ ਪਾਪ ਮੁੜ ਕੇ ਚੱਕਰ ਕੱਟਦੇ ਸਾਡੇ ਹੀ ਸਿਰ ਤੇ ਆ ਪੈਂਦੇ ਹੋਣ?

ਗੁਰਮਤਿ ਇਸ ਕਿਸਮ ਦੇ "ਪਾਪ ਚੱਕਰ" ਵਿਚ ਕੋਈ ਵਿਸ਼ਵਾਸ ਨਹੀਂ ਰਖਦੀ। ਪਾਪ ਸਰੀਰ ਨਹੀਂ ਕਰਦਾ, ਪਾਪ ਤਾਂ ਮਨ ਦੀ ਦੁਰਮਤਿ ਮੈਲ ਸਦਕਾ ਸਰੀਰ ਦੁਆਰਾ ਹੁੰਦੇ ਹਨ। ਭਲਾ ਤਨ ਦੇ ਧੋਤਿਆਂ ਮਨ ਦੀ ਮੈਲ ਕਿਵੇਂ ਲਥ ਸਕਦੀ ਹੈ? ਰੋਜ਼ ਗੰਗਾ ਨਹਾ ਕੇ ਭੀ ਉਥੋਂ ਦੇ ਪੰਡਿਤਾਂ ਦਾ ਲੋਭੀ ਸੁਭਾਅ ਨਹੀਂ ਬਦਲਦਾ ਜਿਨ੍ਹਾਂ ਬਾਰੇ ਭਗਤ ਕਬੀਰ ਜੀ ਸੰਕੇਤ ਕਰਦੇ ਹਨ–

ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ ॥
ਗਲੀ ਜਿਨ੍ਹਾ ਜਪਮਾਲੀਆ, ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ ॥੧॥ (ਆਸਾ ਕਬੀਰ ਜੀ, ੪੭੫-੭੬)

ਗੁਰਮਤਿ ਦਾ ਸਿਧਾਂਤ ਹੈ :–

ਮਨਿ ਮੈਲੈ, ਸਭੁ ਕਿਛੁ ਮੈਲਾ, ਤਨਿ ਧੋਤੈ, ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ, ਵਿਰਲਾ ਬੂਝੈ ਕੋਇ ॥੧॥ (ਵਡਹੰਸ ਮ: ੩–੫੫੮)

ਇਹ ਭੀ ਫੁਰਮਾਇਆ ਹੈ :–

ਮਨਕਾਮਨਾ ਤੀਰਥ ਜਾਇ ਬਸਿਓ, ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ, ਜੇ ਲਖ ਜਤਨ ਕਰਾਏ ॥੩॥ (ਸੋਰਠਿ ਮ: ੫ –੬੪੨)

ਭਾਵ, ਮਨ ਵਿਚ ਇੱਛਾ ਧਾਰ ਕੇ, ਤੀਰਥਾਂ ਤੇ ਜਾ ਕੇ ਕੁਝ ਸਮੇਂ ਲਈ ਨਿਵਾਸ ਭੀ ਕਰ ਲਿਆ, ਜਾਂ ਸਵਰਗ ਦੀ ਲਾਲਸਾ ਅਧੀਨ ਬਨਾਰਸ ਵਿਖੇ ਲਗੇ ਆਰੇ ਹੇਠਾਂ ਸਿਰ ਦੇ ਕੇ "ਸ਼ਹੀਦ" ਹੋ ਗਏ ਤਾਂ ਸਤਿਗੁਰੂ ਜੀ ਇਸ ਤਰ੍ਹਾਂ ਦੇ ਬਾਹਰਮੁਖੀ ਸਾਧਨਾਂ ਨੂੰ ਇਸ ਯੋਗ ਨਹੀਂ ਸਮਝਦੇ ਕਿ ਉਹ ਮਨ ਦੀ ਹਉਮੈ-ਮੈਲ ਉਤਾਰ ਸਕਣ।



www.AKJ.Org

ਤੀਰਥ-ਇਸ਼ਨਾਨ ਬਾਰੇ ਗੁਰੂ ਸਾਹਿਬਾਨ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਸੇਧ ਦਿੱਤੀ ਹੈ :–

ਤੀਰਥਿ ਨਾਵਣ ਜਾਉ, ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ, ਅੰਤਰਿ ਗਿਆਨੁ ਹੈ ॥ (ਧਨਾਸਰੀ ਮ: ੧–੬੮੭)

ਸਿੱਖ ਲਈ ਨਾਮ ਸਿਮਰਨ ਕਰਨਾ ਅਨੇਕਾਂ ਅਠਾਹਠ ਤੀਰਥਾਂ ਦੇ ਇਸ਼ਨਾਨ ਕਰਨ ਤੋਂ ਉਚਾ ਹੈ ।

ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥੩॥੧॥
(ਗਉੜੀ ਸੁਖਮਨੀ ਮ: ੫–੨੬੨)

ਮਨ ਦੀ ਮੈਲ 'ਸਿਮਰਨ' ਨੇ ਕਟਣੀ ਹੈ, ਇਸੇ ਦੇ ਤੁਫੈਲ ਮਨੁਖ ਸਚੀ ਦਰਗਾਹ ਵਿਚ ਪਰਵਾਨ ਪੈਂਦਾ ਹੈ ।

ਪਿਛਲੇ ਚਾਰ ਸੌ ਸਾਲਾਂ ਦੇ ਇਤਿਹਾਸ ਤੇ ਨਜ਼ਰ ਮਾਰੀਏ ਤੇ ਵਿਚਾਰ ਕਰੀਏ, ਕੀ ਅੱਜ ਦਾ ਸਿੱਖ ਨਾਮ ਜਪਣ ਵਾਲਾ ਤੀਰਥ-ਇਸ਼ਨਾਨੀ ਹੈ ਜਾਂ ਕਿ ਬਿਨਾਂ ਨਾਮ ਜਪਣ ਦੇ ਇਤਿਹਾਸਕ ਗੁਰਧਾਮਾਂ ਦਾ ਯਾਤਰੀ ਬਣ ਕੇ ਹੀ ਰਹਿ ਗਿਆ ਹੈ ? ਬੜੀ "ਸ਼ਰਧਾ" ਨਾਲ ਅਨੇਕਾਂ ਯਾਤਰੀ ਪਾਕਿਸਤਾਨ ਵਿਚਲੇ ਗੁਰਧਾਮਾਂ ਦੇ ਦਰਸ਼ਨ-ਇਸ਼ਨਾਨ ਕਰਨ ਜਾਂਦੇ ਹਨ, ਪਰ ਕੁਝ-ਇਕ ਨੂੰ ਛੱਡ ਕੇ ਬਹੁਤੇ ਲੋਕੀ ਤਾਂ ਦੁਨਿਆਵੀ ਵਸਤੂਆਂ ਦਾ ਵਾਪਾਰ ਕਰਨ ਲਈ ਹੀ ਖੇਹ ਛਾਣਦੇ ਫਿਰਦੇ ਹਨ । ਕੀ ਗੁਰੂ ਸਾਹਿਬ ਅਜਿਹੇ ਲੋਕਾਂ ਦੀ ਯਾਤਰਾ ਪਰਵਾਨ ਕਰਨਗੇ ?

ਭਾਰਤ ਦੇ ਅੰਦਰ ਭੀ ਅਨੇਕਾਂ ਲੋਕ ਬਸਾਂ ਅੰਦਰ ਗੁਰਧਾਮਾਂ ਦੇ ਦਰਸ਼ਨ-ਦੀਦਾਰੇ ਕਰਨ ਜਾਂਦੇ ਹਨ, ਪਰ ਕਿਤਨਿਆਂ ਕੁ ਦੇ ਜੀਵਨ ਵਿਚ ਤਬਦੀਲੀ ਆਉਂਦੀ ਹੈ ?

ਨਾਵਣ ਚਲੇ ਤੀਰਥੀ, ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ, ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ, ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ, ਚੋਰ, ਸਿ ਚੋਰਾ ਚੋਰ ॥੨॥੧੨॥ (ਸੂਹੀ ਕੀ ਵਾਰ, ਮ: ੧–੭੮੯)

ਜੇ ਮਨ ਸ਼ੁਧ ਨਹੀਂ ਤਾਂ ਤੀਰਥਾਂ ਤੇ ਕੀਤਾ ਇਸ਼ਨਾਨ ਸਗੋਂ ਹਉਮੈ ਦੀ ਮੈਲ ਵਿਚ ਹੋਰ ਵਾਧਾ ਕਰਦਾ ਹੈ–

ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥ (ਆਸਾ ਕੀ ਵਾਰ, ਮ: ੧, ਪੰਨਾ ੪੬੭)

ਸਿਖ-ਤੀਰਥ ਕਿਹੜੇ ਹਨ ? ਇਹਨਾਂ ਦਾ ਹਿੰਦੂ ਤੀਰਥਾਂ ਨਾਲੋਂ ਕੀ ਫ਼ਰਕ ਹੈ ?

ਸਿੱਖਾਂ ਲਈ ਹਰ ਉਹ ਅਸਥਾਨ ਤੀਰਥ ਹੈ ਜਿਥੇ ਸਤਿਗੁਰੂ ਸਾਹਿਬਾਨ ਦੇ ਪਾਵਨ ਚਰਨਾਂ ਦੀ ਛੋਹ ਪਈ ਹੈ । ਇਸ ਤਰ੍ਹਾਂ ਸਾਰੇ ਇਤਿਹਾਸਕ ਗੁਰਦੁਆਰੇ ਸਾਡੇ ਪਵਿਤ੍ਰ ਤੀਰਥ ਹਨ, ਜਿਥੇ ਮਰਯਾਦਾ ਅਨੁਸਾਰ ਹਰਿ-ਜਸ ਹੁੰਦਾ ਹੈ । ਉਥੇ ਦਾਨ ਲੈਣ ਦੇਣ ਦਾ ਵਿਹਾਰ ਨਹੀਂ ਹੁੰਦਾ, ਸਗੋਂ ਉਥੇ ਹੁੰਦੇ ਹਨ ਗੁਰੂ ਕੇ ਲੰਗਰ, ਸਰੋਵਰ, ਅਤੇ ਸੋਹਣੇ ਵੱਡੇ ਹਾਲ, ਜਿਥੇ ਰੋਜ਼ਾਨਾ ਸਤਸੰਗ ਹੁੰਦਾ ਹੈ ਅਤੇ ਨਾਮ ਬਾਣੀ ਕੀਰਤਨ ਦੀਆਂ ਧੁਨੀਆਂ ਗੂੰਜਦੀਆਂ ਹਨ । ਉਥੇ ਪੁੰਨ ਕਰਮਾਂ ਰਾਹੀਂ ਸਵਰਗ ਦੇ ਲਾਰੇ ਨਹੀਂ ਲਾਏ ਜਾਂਦੇ ।

ਸਿੱਖਾਂ ਨੂੰ ਗੁਰ-ਅਸਥਾਨਾਂ ਦੇ ਸਤਿਕਾਰ ਅਤੇ ਸੰਭਾਲ ਲਈ ਸ੍ਰੀ ਗੁਰੂ ਰਾਮਦਾਸ ਜੀ ਪੁਰਜ਼ੋਰ ਸ਼ਬਦਾਂ ਵਿਚ ਇਉਂ ਪ੍ਰੇਰਨਾ ਕਰਦੇ ਹਨ–

ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ, ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾ ਕੀ ਘਾਲਿ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਿਨ੍‌, ਨਾਨਕੁ, ਸਤਿਗੁਰੁ ਪੂਜਿਆ, ਤਿਨ ਹਰਿ ਪੂਜ ਕਰਾਵਾ ॥ (ਆਸਾ ਮ: ੪, ਪੰਨਾ ੪੫੦)

ਇਹ ਹੈ ਫ਼ਰਕ ਸਿਖ ਤੀਰਥ ਅਤੇ ਹਿੰਦੂ ਤੀਰਥਾਂ ਦਾ–ਜਿਥੇ ਜਿਥੇ ਪ੍ਰੀਤਮ ਸਤਿਗੁਰੂ ਦੇ ਚਰਨ ਪਏ ਹਨ, ਉਹ ਸਾਰੇ ਅਸਥਾਨ ਗੁਰਸਿੱਖਾਂ ਲਈ ਸੁਹਾਵਣੇ ਤੇ ਪੂਜਨੀਕ ਹਨ । ਗੁਰਸਿਖਾਂ ਨੇ ਧਾਈ ਕਰ ਕੇ ਉਸ ਪਵਿਤਰ ਧਰਤੀ ਤੇ ਪੁਜਣਾ ਹੈ ਅਤੇ ਉਨ੍ਹਾਂ ਪਵਿਤਰ ਅਸਥਾਨਾਂ ਦੀ ਚਰਨ-ਧੂੜੀ ਨੂੰ ਕਿਸੇ ਅਗੰਮੀ ਪਿਆਰ ਅਤੇ ਸਿਦਕ ਨਾਲ ਆਪਣੇ



www.AKJ.Org

ਮੱਥੇ ਤੇ ਲਾਣਾ ਹੈ । ਪਰੰ ਇਨ੍ਹਾਂ ਗੁਰ-ਤੀਰਥਾਂ ਦੇ ਦਰਸ਼ਨ-ਇਸ਼ਨਾਨ ਤਦੇ ਹੀ ਸਫਲ ਹਨ, ਤਦੇ ਹੀ ਇਹ ਘਾਲ ਥਾਇ ਪੈਣੀ ਹੈ, ਜੇ ਗੁਰਸਿਖ ਉਥੇ ਪੁਜ ਕੇ ਨਾਮ-ਬਾਣੀ ਨਾਲ ਸਰਸ਼ਾਰ ਹੁੰਦੇ ਹਨ, ਆਪਣੇ ਅੰਦਰਲੇ ਗੁਰੂ-ਚਰਨਾਂ ਨਾਲ ਜੋੜਦੇ ਹਨ, ਆਪਣੇ ਤਨ ਮਨ ਨਾਮ-ਕੀਰਤਨ ਨਾਲ ਰੰਗਦੇ ਹਨ । ਅਜਿਹੇ ਨਾਮ-ਰਸ-ਰੰਗਾਂ ਵਿਚ ਰਤੇ ਜਿਹੜੇ ਗੁਰੂ ਕੇ ਲਾਲ ਗੁਰੂ-ਅਸਥਾਨਾਂ ਦੀ ਪੂਜਾ ਕਰਦੇ ਹਨ, ਉਨ੍ਹਾਂ ਦੀ ਯਾਤਰਾ ਸਫਲ ਹੈ । ਸਤਿਗੁਰੂ ਫ਼ੁਰਮਾਂਦੇ ਹਨ ਕਿ ਐਸੇ ਗੁਰਸਿਖਾਂ ਨੂੰ ਹਰੀ ਪ੍ਰਭੂ ਲੋਕ ਪਰਲੋਕ ਵਿਚ ਆਦਰ-ਸਤਿਕਾਰ ਬਖਸ਼ਦਾ ਹੈ ।

ਇਹਨਾਂ ਗੁਰ-ਤੀਰਥਾਂ ਤੇ ਸਤਿਗੁਰਾਂ ਦੀਆਂ ਅਨੇਕ ਨਿੱਜੀ ਵਸਤੂਆਂ ਸਾਂਭੀਆਂ ਪਈਆਂ ਹਨ, ਜਿਨ੍ਹਾਂ ਦੇ ਦਰਸ਼ਨ ਕਰ ਕੇ ਸਿੱਖ ਦੇ ਮਨ ਵਿਚ ਆਪਣੇ ਪ੍ਰੀਤਮ ਸਤਿਗੁਰੂ ਲਈ ਪਿਆਰ, ਬੈਰਾਗ ਅਤੇ ਸਿਦਕ ਪੈਦਾ ਹੁੰਦਾ ਹੈ ।

ਜੋ ਸਿਖ ਨਾਮ ਬਾਣੀ ਦੇ ਅਭਿਆਸੀ ਹੁੰਦੇ ਹਨ ਉਨ੍ਹਾਂ ਦੇ ਸਿੱਦਕ ਪ੍ਰੇਮ ਅਤੇ ਉਮਾਹੇ ਦਾ ਰੰਗ ਹੀ ਕੁਛ ਹੋਰ ਹੁੰਦਾ ਹੈ, ਪਰ ਜੋ ਨਾਮ ਬਾਣੀ ਤੋਂ ਸਖਣੇ ਹੁੰਦੇ ਹਨ, ਉਹਨਾਂ ਦਾ ਤੀਰਥ-ਇਸ਼ਨਾਨ ਫੋਕਾ ਰਹੇਗਾ, ਪ੍ਰਾਪਤੀ ਕੁਛ ਨਹੀਂ ਹੋਵੇਗੀ । ਜਿਨ੍ਹਾਂ ਨੂੰ ਹੁਣ ਤਕ ਸਤਿਗੁਰੂ ਜੀ ਦੀ ਪਰਤੀਤ ਨਹੀਂ ਹੋ ਸਕੀ ਅਤੇ ਨਾ ਹੀ ਉਹਨਾਂ ਅੰਦਰ ਕੋਈ ਨਾਮ ਬਾਣੀ ਦੀ ਰੌ ਚਲਦੀ ਹੈ, ਉਹ ਭਾਵੇਂ ਰੋਜ਼ਾਨਾ ਨਹਾਈ ਜਾਣ, ਉਹਨਾਂ ਦਾ ਬਣਦਾ ਕੁਝ ਨਹੀਂ ਤੇ ਨਾ ਹੀ ਬਣੇਗਾ । ਉਨ੍ਹਾਂ ਲਈ ਗੁਰਬਾਣੀ ਦਾ ਫ਼ੁਰਮਾਨ ਹੈ :–

ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ, ਫਿਰਿ ਫਿਰਿ ਜੋਨੀ ਆਵਹਿ ॥੨॥ (ਪੰਨਾ ੪੮੪)

ਜਿਹੜੇ ਗੁਰਸਿਖ ਗੁਰ-ਧਾਮਾਂ ਵਿਚ ਨੌਕਰੀ ਕਰਦੇ ਹਨ, ਜੇ ਉਹ ਪੂਰਨ ਸ਼ਰਧਾ-ਭਾਵਨੀ ਨਾਲ ਨਾਮ-ਬਾਣੀ ਦੇ ਲਾਹੇ ਲੈਂਦਿਆਂ ਆਪਣੀ ਕਾਰ ਕਮਾਂਦੇ ਹਨ ਅਤੇ ਗੁਰੂ-ਹੁਕਮਾਂ ਅਨੁਸਾਰ ਆਪਣਾ ਤਨ ਮਨ ਧਨ ਸਭ ਕੁਝ ਗੁਰੂ ਕਾ ਸਮਝਦੇ ਹਨ, ਉਨ੍ਹਾਂ ਤੇ ਸਤਿਗੁਰੂ ਦੀ ਪ੍ਰਸੰਨਤਾ ਹੁੰਦੀ ਹੈ । ਪਰ ਜਿਹੜੇ ਸਿਖ ਸਰਵਿਸ ਵਿਚ ਗੁਰੂ ਕੀ ਸੇਵਾ ਲਈ ਆਪਣੇ ਫ਼ਰਜ਼ ਹਿਤੋਂ ਚਿਤੋਂ ਨਹੀਂ ਨਿਭਾਂਦੇ, ਮਨ ਲਾ ਕੇ ਸੇਵਾ ਨਹੀਂ ਕਰਦੇ, ਸਗੋਂ ਸੇਵਾ ਤੋਂ ਚਿਤ ਚੁਰਾਂਦੇ ਹਨ, ਉਨ੍ਹਾਂ ਦੇ ਮਨ ਕਠੋਰ ਹੋ ਜਾਂਦੇ ਹਨ, ਉਨ੍ਹਾਂ ਦੇ ਮਨ ਨਾਮ-ਬਾਣੀ ਦਾ ਰਸ ਨਹੀਂ ਮਾਣ ਸਕਦੇ, ਉਹ ਮਾਇਆ ਦੀ ਕਮਾਈ ਕਰਨ ਵਿਚ ਬੱਧੇ ਰੁਧੇ ਹੀ ਉਥੇ ਆਂਦੇ ਜਾਂਦੇ ਤੇ ਦਿਖਾਵੇ ਦੀ ਨੌਕਰੀ ਕਰਦੇ ਹਨ । ਉਨ੍ਹਾਂ ਦੇ ਮਨਾਂ ਤੇ ਐਸੀ ਅਗਿਆਨਤਾ ਛਾ ਜਾਂਦੀ ਹੈ ਕਿ ਗੁਰਸਿਖਾਂ ਦੀ ਘਾਲ-ਕਮਾਈ ਵਿਚੋਂ ਜੋ ਮਾਇਆ ਗੁਰੂ ਕੀ ਗੋਲਕ ਵਿਚ ਪੈਂਚੀ ਹੈ, ਉਸ ਵਿਚ ਹੇਰਾ-ਫੇਰੀ ਕਰਨ ਤੋਂ ਵੀ ਉਹ ਸ਼ਰਮਾਂਦੇ ਨਹੀਂ । ਐਸੇ ਸਿਖਾਂ ਨੂੰ ਇਹ ਗੁਰ-ਅਸਥਾਨ ਕੇਵਲ (workshops) ਕੰਮ-ਧੰਦੇ ਦੇ ਕੇਂਦਰ ਹੀ ਲਗਦੇ ਹਨ । ਉਨ੍ਹਾਂ ਦਾ ਅੰਦਰਲਾ ਪੱਥਰ ਵਾਂਗ ਅਭਿਜ ਹੋ ਜਦਾ ਹੈ, ਜਿਵੇਂ ਗੰਗਾ ਵਿਚ ਪਏ ਅਨੇਕਾਂ ਪੱਥਰ-ਗੀਟੀਆਂ ਦੀ ਦਸ਼ਾ ਹੁੰਦੀ ਹੈ ।

ਸਤ ਸੰਤੋਖ ਵਿਚ ਰਹਿ ਕੇ ਹੀ ਗੁਰੂ ਕੀ ਕਾਰ ਕਮਾਣੀ ਗੁਰੂ ਕੇ ਸਿਖਾਂ ਲਈ ਰੱਬੀ ਹੁਕਮ ਹੈ । ਐਸੇ ਗੁਰ-ਤੀਰਥਾਂ ਤੇ ਵਸਣ ਵਾਲੇ ਜੇ ਗੁਰ-ਉਪਦੇਸ਼ ਦੁਆਰਾ ਨਾਮ-ਬਾਣੀ ਦੇ ਜਵਾਹਰ ਮਾਣਕ ਵਿਹਾਝਦੇ ਗੁਰੂ ਨੂੰ ਮਿਲਦੇ ਹਨ ਤਾਂ ਉਨ੍ਹਾਂ ਦੀ ਖੋਟੀ ਮਤਿ ਦੀ ਮੈਲ ਸਤਗੁਰੂ ਦੂਰ ਕਰ ਦਿੰਦਾ ਹੈ । ਸਤਿਗੁਰੂ ਉਨ੍ਹਾਂ ਦੀ ਸੇਵਾ-ਘਾਲ ਥਾਇ ਪਾਂਦਾ ਹੈ । ਸਤਿਗੁਰੂ ਪਸ਼ੂ-ਪਰੇਤਾਂ ਵਾਲੀਆਂ ਬਿਰਤੀਆਂ ਨੂੰ ਵੀ ਉਤਮ ਕਰ ਦਿੰਦਾ ਹੈ । ਗੁਰ-ਫ਼ੁਰਮਾਨ ਹੈ–

ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥
ਗੁਰਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁੋ ਖੋਜਿ ਲਹੈ ॥੧॥
ਗੁਰ ਸਮਾਨਿ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ਰਹਾਉ॥
ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥
ਸਤਿਗੁਰਿ ਪਾਈਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥

(ਪ੍ਰਭਾਤੀ ਮ: ੧–੧੩੨੮-੨੯)



www.AKJ.Org

# ਅਰਦਾਸ ਕਿਸ ਅੱਗੇ ?

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਦਾਤਾਰ ਨਿਰੰਕਾਰ ਤੋਂ ਛੁਟ ਅਰਦਾਸ ਕਿਸੇ ਹੋਰਸ ਅੱਗੇ ਕਰਨੀ ਨਹੀਂ ਬਣਦੀ। ਆਪਣੀ ਅਰਜ਼ ਤਾਂ ਓਸੇ ਅੱਗੇ ਗੁਜ਼ਾਰਨੀ ਵਾਜਬ ਹੈ ਜੋ ਉਸ ਨੂੰ ਪੂਰਿਆਂ ਕਰਨ ਦੇ ਸਮਰੱਥ ਹੋਵੇ। ਜੋ ਦੇ ਸਕਦਾ ਹੋਵੇ, ਉਸੇ ਨੂੰ ਚਿਤਾਰਨਾ ਬਣਦਾ ਹੈ,* ਜੋ ਦੇਂਦਿਆਂ ਕਦੇ ਹੱਥ ਪਿੱਛੇ ਨ ਕਰੇ;† ਜੋ ਦੇ ਕੇ ਪਛਤਾਵੇ ਕਦੇ ਨ।‡ ਐਸਾ ਦਾਤਾ ਤਾਂ ਕੇਵਲ ਇਕੋ ਹੈ। ਇਸ ਲਈ :

ਹਿਕੁ ਸੇਵੀ ਹਿਕੁ ਸੰਮਲਾ ਹਰਿ ਇਕਸੁ ਪਹਿ ਅਰਦਾਸਿ ॥ –ਜੈਤਸਰੀ ਵਾਰ ਮ: ੫ (੭੦੦/੧੦)

ਲੋੜਾਂ ਮਾਰੇ ਜੀਆਂ ਦੀਆਂ ਲੋੜਾਂ ਵਡੀਆਂ ਤੇ ਨਜ਼ਰਾਂ ਹੋਛੀਆਂ ਹੁੰਦੀਆਂ ਹਨ। ਉਹ ਹੱਥ ਅੱਡਣ ਹੀ ਜਾਣਦੇ ਹਨ, ਇਹ ਨਹੀਂ ਜਾਣਦੇ ਕਿਸ ਅਗੇ ਅਡਣਾ ਚਾਹੀਦਾ ਹੈ। ਵਾਹਿਗੁਰੂ ਬਾਰੇ ਉਨ੍ਹਾਂ ਸੁਣਿਆ ਹੀ ਹੈ, ਉਸ ਨੂੰ ਵੇਖਿਆ ਕਦੇ ਨਹੀਂ। ਅਣਦਿਸਦੇ ਅੱਗੇ ਹੱਥ ਅਡਣ ਦਾ ਭਰਵਾਸਾ ਨਹੀਂ ਬੰਨ੍ਹ ਸਕਦੇ। ਦਿਸਦੇ ਦੀ ਟੇਕ ਹੀ ਭਾਲਦੇ ਫਿਰਦੇ ਹਨ–ਮਨੁੱਖੀ ਟੇਕ ਹੀ ਢੂੰਡਦੇ ਹਨ। ਪਰ ਜਦੋਂ ਮਾਨੁਖ ਅੱਗੇ ਹੱਥ ਅਡ ਬਹਿੰਦੇ ਹਨ ਤਾਂ ਪ੍ਰਤੀਤ ਕਰਦੇ ਹਨ :

ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ ॥ –ਗੂਜਰੀ ਮ: ੫ (੪੯੭/੨)

ਮਨੁੱਖ ਕਿਹੜੇ ਅੱਗੇ ਹੱਥ ਅਡੀਏ ? ਕਿਹੜਾ ਹੈ ਜੋ ਆਪ ਲੋੜਵੰਦ ਨਹੀਂ ? ਕੋਈ ਲੋੜਵੰਦ ਹੈ, ਕੋਈ ਸੂਮ ਹੈ, ਕੋਈ ਦੇ ਕੇ ਪਛਤਾਉਂਦਾ ਹੈ, ਕੋਈ ਲੱਜਿਤ ਕਰਦਾ ਹੈ। ਫਿਰ ਇਹਨਾਂ ਕੋਲ ਕਿਉਂ ਮੰਗਣ ਜਾਈਏ ?

ਹਉ ਮਾਗਉ ਆਨ ਲਜਾਵਉ ॥ ਸਗਲ ਛਤ੍ਰਪਤਿ ਏਕੋ ਠਾਕੁਰੁ ਕਉਨੁ ਸਮਸਰਿ ਲਾਵਉ ॥
–ਆਸਾ ਮ: ੫ (੪੦੧/੭)

ਇਸ ਲਈ ਵਾਜਬ ਤਾਂ ਏਹੋ ਹੈ :

ਦਾਤਾ ਓਹ ਨ ਮੰਗੀਐ ਫਿਰ ਮੰਗਣ ਜਾਈਐ ॥ ਹੋਛਾ ਸ਼ਾਹ ਨ ਕੀਚਈ ਫਿਰ ਪਛੋਤਾਈਐ ॥
–ਵਾਰਾਂ ਭਾ: ਗੁਰਦਾਸ ਜੀ, ੨੭ : ੧੫

ਮਨੁੱਖ ਦਾ ਆਸਰਾ ਤਾਂ ਨਿੱਪਟ ਬਿਰਥਾ ਹੈ।o ਦਾਤਾ ਕੇਵਲ ਇਕ ਹੈ, ਹੋਰ ਤਾਂ ਸਭ ਮੰਗਣਹਾਰ ਹਨ। ਸ਼ਹਿਨਸ਼ਾਹ ਵੀ ਉਸ ਦੇ ਦਰ ਤੇ ਮੰਗਤੇ ਹਨ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ : ਮਹਾਰਾਜਾ ਰਣਜੀਤ ਸਿੰਘ ਜਮਰੋਦ ਦੀ ਜੰਗ ਲਈ ਚੜ੍ਹੇ ਤਾਂ ਰਸਤੇ ਵਿਚ ਮਹਾਂ ਪੁਰਖਾਂ ਦਾ ਡੇਰਾ ਸੀ। ਉਥੇ ਪੁੱਜੇ ਤੇ ਮਹਾਂ ਪੁਰਖਾਂ ਪਾਸ ਸਫਲਤਾ ਲਈ ਅਰਦਾਸ ਦੀ ਬੇਨਤੀ ਕੀਤੀ। ਅਰਦਾਸ ਹੋਈ। ਮਹਾਰਾਜੇ ਨੂੰ ਮੁਹਿੰਮ ਵਿਚ ਕਾਮਯਾਬੀ ਹੋਈ। ਪਰਤਦਿਆਂ ਮਹਾਰਾਜਾ ਫਿਰ ਉਸੇ ਡੇਰੇ ਤੇ ਪੁਜਾ ਤੇ ਮਹਾਂ ਪੁਰਖਾਂ ਨੂੰ ਕਹਿਣ ਲੱਗਾ, "ਇਸ ਡੇਰੇ ਦੀ ਅਰਦਾਸ ਸਦਕਾ ਮੇਰੀ ਜਿੱਤ ਹੋਈ ਹੈ, ਮੈਂ ਇਸ ਡੇਰੇ ਨੂੰ ਕੁਝ ਦਾਨ ਦੇਣਾ ਚਾਹੁੰਦਾ ਹਾਂ।" ਮਹਾਂ ਪੁਰਖਾਂ ਆਖਿਆ, "ਮਹਾਰਾਜਾ ! ਤੂੰ ਕੀ ਦੇ ਸਕਦਾ ਹੈਂ ?" ਬੋਲਿਆ, "ਜੋ ਵੀ ਤੁਹਾਨੂੰ ਚਾਹੀਦਾ ਹੋਵੇ, ਦੱਸੋ !" ਮਹਾਂ ਪੁਰਖਾਂ ਹੱਸ ਕੇ ਕਿਹਾ, "ਜਾਣ ਲਗਿਆਂ ਤਾਂ ਮਹਾਰਾਜਾ, ਤੂੰ ਏਥੇ ਮੰਗਤਾ ਬਣ ਕੇ ਆਇਆ ਸੈਂ, ਹੁਣ ਪਰਤਦਿਆਂ ਦਾਤਾ ਕਿਵੇਂ ਹੋ ਗਿਐਂ ?" ਸ਼ਰਮ ਨਾਲ ਮਹਾਰਾਜੇ ਦੀਆਂ ਅੱਖਾਂ ਝੁਕ ਗਈਆਂ।

ਏਮਨਾਬਾਦ ਵਿਖੇ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਬਰ ਨਾਲ ਮੁਲਾਕਾਤ ਹੋਈ ਤਾਂ ਬਾਬਰ ਨੇ

---

* ਦੇਵਣਹਾਰੁ ਦਾਤਾਰੁ ਮੈ ਨਿਤ ਚਿਤਾਰਿਆ ॥ —ਗਉੜੀ ਵਾਰ ਮ: ੫ (੩੨੦/੪)

† ਦੇਦਾ ਦੇ ਲੈਦੇ ਥਕਿ ਪਾਹਿ ॥ —ਜਪੁ (੨/੨) ‡ ਦੇਹਿ ਨ ਪਛੋਤਾਇ ॥ —ਸਲੋਕ ਮ: ੩ (੬੫੩/੧੬)

o ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ। ਦੇਵਨ ਕਉ ਏਕੈ ਭਗਵਾਨੁ ॥
ਜਿਸ ਕੈ ਦੀਐ ਰਹੈ ਅਘਾਇ। ਬਹੁਰਿ ਨ ਤ੍ਰਿਸਨਾ ਲਾਗੈ ਆਇ ॥ —ਗਉੜੀ ਮ: ੫ (੨੮੧/੩)



www.AKJ.Org

ਕਿਹਾ, "ਮੈਥੋਂ ਜੋ ਚਾਹੋ, ਮੰਗ ਲਉ।" ਅੱਗੋਂ ਬਾਬੇ ਨੇ ਕਿਹਾ, "ਸਾਡੀ ਟੇਕ ਤਾਂ ਇਕ ਅਕਾਲ ਪੁਰਖ ਉਤੇ ਹੈ। ਉਹ ਬਿਨ-ਮੰਗਿਆਂ ਹੀ, ਮੈਨੂੰ ਜੋ ਚਾਹੀਦਾ ਹੈ, ਦੇਈ ਜਾਂਦਾ ਹੈ।" ਇਕ ਜਨਮ ਸਾਖੀ ਅਨੁਸਾਰ ਗੁਰੂ ਬਾਬੇ ਨੇ ਕਿਹਾ :

'ਕਹਿ ਨਾਨਕ ਸੁਣ ਬਾਬਰ ਮੀਰ। ਤੁਝ ਤੇ ਮਾਗੇ ਸੁ ਅਹਿਮਕ ਫ਼ਕੀਰ!"

ਜੇਕਰ ਸ਼ਹਿਨਸ਼ਾਹ ਵੀ ਮੰਗਤੇ ਹਨ, ਤਾਂ ਮੰਗਣਾ ਕੇਵਲ ਉਸੇ ਮਾਲਕ ਤੋਂ ਬਣਦਾ ਹੈ ਜਿਸ ਪਾਸੋਂ ਸਦਾ ਮਿਲਣ ਦੀ ਆਸ ਹੋਵੇ :

ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ ਹੀ ਤੇ ਮੇਰੋ ਨਿਸਤਾਰ ॥ –ਬਿਲਾਵਲੁ ਕਬੀਰ ਜੀ (੮੫੬/੧੭)

ਇਸ ਸੰਸਾਰ ਵਿਚ ਸਭ ਮੰਗਤੇ ਹੀ ਮੰਗਤੇ ਹਨ। ਦਾਤਾ ਤਾਂ ਪ੍ਰਤਿਪਾਲਣਹਾਰ ਪ੍ਰਭੂ ਇਕੋ ਹੈ, ਜੋ ਹਰੇਕ ਨੂੰ ਆਪਣੇ ਭਾਣੇ ਵਿਚ ਦਾਨ ਕਰੀ ਤੁਰੀ ਜਾਂਦਾ ਹੈ* ਤੇ ਜਿਸ ਦੀਆਂ ਦਾਤਾਂ ਵਿਚ ਤੋਟ, ਨ ਕਦੇ ਆਈ ਹੈ, ਨ ਕਦੇ ਆਉਣੀ ਹੈ।†

ਸੰਸਾਰਕ ਆਸਰੇ ਸਭ ਚਲਾਏਮਾਨ ਹਨ। ਜਿਸ ਦਾ ਆਪਣਾ ਪਲ ਭਰ ਦਾ ਵਿਸਾਹ ਨਹੀਂ, ਉਸ ਦਾ ਭਰਵਾਸਾ ਕਿਹਾ ? ਜਿਸ ਦਾ ਆਪਣਾ ਬਣਿਆ ਰਹਿਣਾ ਹੀ ਸ਼ੱਕੀ ਹੋਵੇ, ਉਸ ਦਾ ਆਸਰਾ ਕੀ ਵੇਖਣਾ ?

ਤਾਹੀ ਕੋ ਧਿਆਨ ਪ੍ਰਮਾਨ ਹੀਏ ਜੋ ਥਾ ਅਬ ਹੈ ਅਰੁ ਆਗੈ ਊ ਹ੍ਵੈ ਹੈ ॥

–ਦਸਮ ਗ੍ਰੰਥ : ਤੇਤੀ ਸਵੈਯੇ, ੧੯-੪

ਡਰਾਂ, ਖ਼ਤਰਿਆਂ ਵੇਲੇ ਅਸੀਂ ਸੁਭਾਵਕ ਹੋਰਨਾਂ ਵਲ ਮਦਦ ਲਈ ਝਾਕਦੇ ਹਾਂ। ਪਰ ਉਹਨਾਂ ਵਲ ਕੀ ਝਾਕਣਾ ਜਿਹੜੇ ਆਪ ਭੈ-ਗ੍ਰਸਤ ਹਨ। ਅਸੀਂ ਰਲ ਮਿਲ ਕੇ ਕਿਸੇ ਨਿਕੇ ਮੋਟੇ ਖ਼ਤਰੇ ਨੂੰ ਭਾਵੇਂ ਟਾਲ ਸਕੀਏ, ਪਰ ਸੱਚ ਮੁੱਚ ਦੇ ਭੈ ਨੂੰ ਨਹੀਂ ਹਟਾ ਸਕਦੇ। ਸੱਚ ਮੁੱਚ ਦਾ ਭਉ ਤਾਂ ਅਸਲ ਵਿਚ ਮੌਤ ਦਾ ਹੀ ਭਉ ਹੈ। ਐਸਾ ਭਉ ਤਾਂ ਓਹੀ ਮਿਟਾ ਸਕਦਾ ਹੈ ਜੋ ਆਪ ਨਿਰਭਉ ਹੋਵੇ।

ਨਿਰਭਉ ਜਪੈ ਸਗਲ ਭਉ ਮਿਟੈ ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥ –ਗਉੜੀ ਮ: ੫ (੨੯੩/੮)

ਦੇਵੀ ਦੇਵਤੇ ਸਾਰੇ ਭੈ-ਗ੍ਰਸਤ ਹਨ। ਇਕ ਦੂਸਰੇ ਤੋਂ ਹੀ ਡਰਦੇ ਫਿਰਦੇ ਹਨ। ਇਕ ਦੂਸਰੇ ਦੀ ਸ਼ਕਤੀ ਤੋਂ, ਇਕ ਦੂਸਰੇ ਦੇ ਸਰਾਪਾਂ ਤੋਂ ਭੈ ਖਾਂਦੇ ਫਿਰਦੇ ਹਨ। ਦੇਵਤਿਆਂ ਦਾ ਰਾਜਾ ਇੰਦਰ, ਉਹ ਵੀ ਆਪ ਭੈ ਵਿਚ ਹੈ। ਧਰਮ ਰਾਜਾ ਵੀ, ਸਾਰਾ ਸੰਸਾਰ ਜਿਸ ਦੇ ਨਿਯੰਤ੍ਰਣ ਵਿਚ ਹੈ, ਭੈ ਵਿਚ ਜੀਊਂਦਾ ਹੈ :

ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥

–ਵਾਰ ਆਸਾ, ਮ: ੧ (੪੬੪/੧੩)

ਦੇਵੀ ਦੇਵਤੇ ਸਾਡਾ ਭੈ ਕਿਵੇਂ ਦੂਰ ਕਰ ਸਕਦੇ ਹਨ ? ਇਹ ਸਭ ਤਾਂ ਇਕ ਦੂਜੇ ਤੋਂ ਖੁਣਸ ਵੀ ਖਾਂਦੇ ਹਨ। ਦੇਵੀ ਦੇਵਤੇ ਹੀ ਨਹੀਂ, ਕਈ ਧਰਮਾਂ ਵਿਚ ਤਾਂ ਰੱਬ ਨੂੰ ਵੀ ਖੁਣਸੀ ਹੀ ਸੰਕਲਪਿਆ ਗਿਆ ਹੈ। ਸਾਮੀ ਧਰਮ ਇਕੀਸ਼ਰ-ਵਾਦੀ ਹਨ, ਪਰ ਆਪਣੇ ਰੱਬ ਨੂੰ ਖੁਣਸੀ ਰੱਬ ਹੀ ਸਥਾਪਿਤ ਕਰਦੇ ਹਨ। ਉਹਨਾਂ ਦੇ ਵਿਸ਼ੇਸ਼ ਰੱਬ ਉਪਰ ਹੀ ਯਕੀਨ ਕਰੋ ਤਾਂ ਹੀ ਤੁਸੀਂ ਬਖ਼ਸ਼ੇ ਜਾਓਗੇ। ਨਹੀਂ, ਤਾਂ ਤੁਹਾਨੂੰ ਕਾਫ਼ਰ ਗਰਦਾਨਿਆ ਜਾਵੇਗਾ, ਤੇ ਰੱਬ ਤੁਹਾਡੀ ਰਾਖੀ ਨਹੀਂ ਕਰੇਗਾ।

ਸਿਖ ਧਰਮ ਦਾ ਰੱਬ ਤਾਂ ਸੁਧਾ ਪਿਆਰ ਹੈ, ਸਦਾ ਨਿਰਵੈਰ! ਸਭ ਦੀ ਸੰਭਾਲਨਾ ਕਰਦਾ ਹੈ–ਪਾਪੀਆਂ, ਪੁੰਨੀਆਂ ਸਭ ਦੀ। ਪਾਪੀਆਂ ਨੂੰ ਤਾਰਨਾ ਤਾਂ ਉਸ ਦਾ ਵਿਸ਼ੇਸ਼ ਸੁਭਾਉ ਹੈ।

ਪਤਿਤ ਪਾਵਨ ਹਰਿ ਬਿਰਦੁ ਸਦਾਏ...... –ਸੂਹੀ ਮ: ੫ (੭੮੪/੧੩)

ਉਸ ਦੀ ਅਮਾਨ ਤਾਂ ਗੁਨਾਹੀਆਂ ਨੂੰ ਵੀ ਹਾਸਲ ਹੈ। ਖਤੇ ਕਰਨ ਵਾਲਿਆਂ ਤੇ ਵੀ ਉਸ ਦੀ ਬਖ਼ਸ਼ਿਸ਼ ਬਰਸਦੀ

---

* ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ ॥ —ਸੋਰਠਿ ਮ: ੫ (੬੧੩/੧੮)

† ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥ ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥

—ਗਉੜੀ ਬਾਵਨ ਅਖਰੀ ਮ: ੫ (੨੫੭/੧੦)



www.AKJ.Org

# ਗੁਰਬਾਣੀ ਅਨੁਸਾਰ ਮਾਸ ਦੀ ਵਰਤੋਂ ਬਿਬਰਜਤ

[ਭਾਈ ਰਾਮ ਸਿੰਘ ਜੀ, ਸੁਕੈਂਡਰਨ ਲੀਡਰ (ਰੀ:), ਅੰਮ੍ਰਿਤਸਰ]

ਗੁਰਬਾਣੀ ਅੰਦਰ ਮਾੜੇ ਕੰਮਾਂ ਨੂੰ ਬਿਬਰਜਤ ਕੀਤਾ ਹੋਇਆ ਦਸਣ ਲਈ ਮਿਸਾਲਾਂ ਭੀ ਮਾੜੇ ਕੰਮਾਂ, ਮਾੜੀਆਂ ਚੀਜ਼ਾਂ, ਮਾੜੇ ਜਾਨਵਰਾਂ ਅਤੇ ਮਾੜੇ ਬੰਦਿਆਂ ਦੀਆਂ ਦਿਤੀਆਂ ਗਈਆਂ ਹਨ। ਦੂਜੇ ਪਾਸੇ ਚੰਗੇ ਅਤੇ ਸੁਭ ਕਰਮਾਂ ਨੂੰ, ਕਰਨ ਯੋਗ ਦਸਣ ਲਈ, ਮਿਸਾਲਾਂ ਭੀ ਚੰਗੇ ਕੰਮਾਂ, ਚੰਗੀਆਂ ਚੀਜ਼ਾਂ, ਚੰਗੇ ਜਾਨਵਰਾਂ ਅਤੇ ਚੰਗਿਆਂ ਮਨੁਖਾਂ ਦੀਆਂ ਦਿਤੀਆਂ ਗਈਆਂ ਹਨ। ਇਹ ਸਭ ਇਸ਼ਾਰੇ ਮਾਤਰ ਸਮਝਾਉਣੀਆਂ, ਗੁਰਮਤਿ ਅਨੁਸਾਰ ਜੀਵਨ ਢਾਲਣ ਲਈ ਹਨ, ਬੇਸ਼ਕ ਇਹ ਭਾਵੇਂ ਕਿਸੇ ਜਾਨਵਰ, ਕਿਸੇ ਪ੍ਰਾਣੀ ਜਾਂ ਕਿਸੇ ਚੀਜ਼ ਪ੍ਰਥਾਏ ਕਿਉਂ ਨਾ ਕਹੀਆਂ ਗਈਆਂ ਹੋਣ। ਮਿਸਾਲ ਦੇਣ ਲਈ ਕਿਸੇ ਨਾ ਕਿਸੇ ਨੂੰ ਤਾਂ ਸਾਹਮਣੇ ਰਖਣਾ ਹੀ ਸੀ। ਮਿਸਾਲ ਹਮੇਸ਼ਾ ਹੀ ਪ੍ਰਥਾਏ (Relavent) ਹੋਇਆ ਕਰਦੀ ਹੈ। ਇਹ ਸਾਰੀਆਂ ਮਿਸਾਲਾਂ ਗੁਰਸਿੱਖੀ ਮਾਰਗ ਉਤੇ ਚਲਣ ਵਾਲਿਆਂ ਲਈ ਚਾਨਣ-ਮੁਨਾਰੇ ਹਨ ਅਤੇ ਗੁਰਸਿਖਾਂ ਦੇ ਅਪਣਾਉਣ ਯੋਗ ਇਲਾਹੀ ਹੁਕਮ ਹਨ। ਯਥਾ—

(ੳ)..... ਜੀਅ ਦਇਆ ਪਰਵਾਨੁ ॥੧੨॥ (੧੩੬)

ਜੀਆਂ ਨੂੰ ਮਾਰਨਾ ਹੱਤਿਆ (ਪਾਪ) ਕਹਿਲਾਉਂਦਾ ਹੈ। ਜੀਆਂ ਨੂੰ ਨਾ ਮਾਰਨਾ ਹੀ ਜੀਅ-ਦਇਆ ਹੁੰਦੀ ਹੈ।

(ਅ) ਅਸੰਖ ਗਲਵਢ ਹਤਿਆ ਕਮਾਹਿ ॥੧੮॥ (ਜਪੁਜੀ)

ਮਾਸ ਖਾਣ ਲਈ ਭੀ ਜਾਨਵਰਾਂ ਦਾ ਗਲਾ ਵਢਣਾ ਪੈਂਦਾ ਹੈ। ਗੁਰਬਾਣੀ ਅਨੁਸਾਰ ਗਲ ਵਢਣ ਨੂੰ ਹੱਤਿਆ ਕਮਾਉਣੀ (ਪਾਪ ਕਮਾਉਣਾ) ਕਰਕੇ ਦਰਸਾਇਆ ਹੈ। ਤਾਂ ਤੇ ਮਾਸ ਪ੍ਰਾਪਤ ਕਰਨ ਦਾ ਮੁਢ ਹੀ ਪਾਪ ਕਮਾਉਣ ਨਾਲ ਅਰੰਭ ਹੁੰਦਾ ਹੈ।

(ੲ) ਜੀਅ ਬਧਹੁ ਸੁ ਧਰਮੁ ਕਰਿ ਮਾਨਹੁ ਅਧਰਮ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥੨॥੧॥ ? (੧੧੦੩)

ਜੀਆਂ (ਜਾਨਵਰਾਂ) ਨੂੰ ਵਢ ਕੇ ਉਨ੍ਹਾਂ ਦੇ ਮਾਸ ਨੂੰ ਖਾਣ ਲਈ ਝਟਕਾ ਜਾਂ ਹਲਾਲ ਦੇ ਨਾਵਾਂ ਹੇਠ ਪਰਵਾਨਗੀ ਦੇਣ ਲਈ ਕਹਿੰਦੇ ਹੋ ਕਿ ਅਜਿਹਾ ਕਰਨਾ ਧਰਮ ਹੈ (ਦਰੁਸਤ ਹੈ, ਜਾਇਜ਼ ਹੈ, ਸਰੇਸ਼ਟ ਹੈ) ਤਾਂ ਫਿਰ ਅਧਰਮ (ਨਾਜ਼ਾਇਜ਼, ਗ਼ਲਤ, ਮਾੜਾ ਜਾਂ ਪਾਪ) ਕਿਸ ਕਰਮ ਨੂੰ ਆਖੋਗੇ ? ਜੇ ਜੀਆਂ ਨੂੰ ਵਢਣ ਵਾਲੇ ਆਪਣੇ ਆਪ ਨੂੰ ਮੁਨਿਵਰ (ਸਰੇਸ਼ਟ, ਸਾਧੂ, ਧਰਮੀ, ਦਇਆ ਕਰਨ ਵਾਲੇ, ਨਰਮ-ਦਿਲ) ਕਹਿਲਾਉਣਗੇ ਤਾਂ ਫਿਰ ਕਸਾਈ (ਜ਼ਾਲਮ) ਕਿਸ ਨੂੰ ਕਹੋਗੇ ?

ਉਪਰ ਦਰਸਾਈ ਗੁਰਬਾਣੀ ਦੀ ਤੁਕ ਦਾ ਭਾਵ ਇਹ ਹੈ ਕਿ ਜੀਆਂ ਦੇ ਗਲ ਵਢਣੇ ਪਾਪ (ਜ਼ੁਲਮ) ਹੈ। ਇਸ ਲਈ ਮਾਸ ਖਾਣਾ ਬਿਬਰਜਤ ਹੈ।

---

✻ਹੈ। ਮਾੜੇ, ਚੰਗੇ ਅਸੀਂ ਸਭ ਉਸ ਦੇ ਬੰਦੇ ਹਾਂ। ਉਹ ਸਾਨੂੰ ਆਪਣਾ ਚਿਤਾਰਦਾ ਤੇ ਆਪਣਾ ਜਾਣ ਕੇ ਹੀ ਸੰਭਾਲਦਾ ਹੈ। ਸਾਡੀ ਅਰਦਾਸ ਵੀ ਤਾਂ ਫਿਰ ਉਸੇ ਅਗੇ ਬਣਦੀ ਹੈ :

ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ ॥ ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ ॥
—ਵਾਰ ਸਿਰੀ ਰਾਗ ਮ: ੪ (੮੬/੪)

ਜਿਸ ਦੀ ਬਖਸ਼ਿਸ਼ ਸਦਾ ਸਾਡੇ ਉਪਰ ਇਕਸਾਰ ਬਰਸਦੀ ਹੈ, ਜਿਸ ਦੀਆਂ ਦਾਤਾਂ ਸਦਾ ਅਸੀਂ ਭੁੰਚਦੇ ਹਾਂ, ਸ਼ੁਕਰਾਨਾ ਵੀ ਤਾਂ ਉਸੇ ਦਾ ਵਾਜਬ ਹੈ :

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥ —ਵਾਰ ਆਸਾ ਮ: ੧ (੪੭੪/੧੬)

[ਛਪੀ ਪੁਸਤਕ ''ਅਰਦਾਸ'' ਵਿਚੋਂ



www.AKJ.Org

(ਸ) ਕਬੀਰ ਜੋਰੁ ਕੀਆ ਸੋ ਜੁਲਮ ਹੈ ਲੇਇ ਜਬਾਬੁ ਖੁਦਾਇ ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥੨੦੦॥ (੧੩੭੫)

ਜੀਆਂ ਨੂੰ ਮਾਰਨ ਲਈ ਆਪਣੀ ਤਾਕਤ (ਜ਼ੋਰ) ਵਰਤਣਾ ਜ਼ੁਲਮ ਹੈ। ਰੱਬ ਅਜਿਹੇ ਪੁਰਸ਼ਾਂ ਦੀ ਜਵਾਬ-ਤਲਬੀ ਕਰੇਗਾ (ਜਵਾਬ-ਤਲਬੀ ਕਸੂਰਵਾਰਾਂ ਦੀ ਹੀ ਹੋਇਆ ਕਰਦੀ ਹੈ)। ਜਦੋਂ ਅਜਿਹੇ ਜ਼ੋਰਾਵਰਾਂ ਦਾ ਲੇਖਾ ਹੋਇਆ, ਉਨ੍ਹਾਂ ਨੂੰ ਮੂੰਹੋਂ ਮੂੰਹ ਮਾਰ ਖਾਣੀ ਪਏਗੀ। ਭਾਵ ਇਹ ਹੈ ਕਿ ਰੱਬ ਦੀ ਦਰਗਾਹ ਅੰਦਰ ਮਾਸਖ਼ੋਰ ਜ਼ਾਲਮਾਂ ਨੂੰ ਇਸ ਜ਼ੁਲਮ ਦੀ ਸਜ਼ਾ ਭੁਗਤਣੀ ਪਏਗੀ।

(ਹ) ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥
ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥੧੯੯॥ (੧੩੭੫)

ਜਿਹੜੇ ਜੀਆਂ ਨੂੰ ਜਬਰੀ ਮਾਰ ਕੇ ਕਹਿੰਦੇ ਹਨ ਕਿ ਇਹ ਹਲਾਲ (ਜਾਇਜ਼) ਹੈ, ਜਦੋਂ ਲੇਖਾ ਦੇਣਾ ਪਿਆ, ਉਨ੍ਹਾਂ ਦਾ ਕੀ ਹਾਲ ਹੋਵੇਗਾ? ਭਾਵ ਕਿ ਉਨ੍ਹਾਂ ਦਾ ਬੁਰਾ ਹਾਲ ਹੋਵੇਗਾ, ਉਹ ਸਜ਼ਾ ਪਾਉਣਗੇ, ਮਾਰ ਖਾਣਗੇ ਪਛੋਤਾਣਗੇ। (ਕ ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੮॥ (੧੩੭੪)

ਲੂਣ ਵਾਲੀ ਸਾਦਾ ਖਿਚੜੀ ਨੂੰ ਭਗਤ ਜੀ ਨੇ ਅੰਮ੍ਰਿਤ ਕਰਕੇ ਕਿਹਾ ਹੈ ਅਤੇ ਇਸ ਸਾਦਾ ਭੋਜਨ ਨੂੰ ਖ਼ੂਬ (ਬਹੁਤ ਚੰਗਾ, ਸਰੇਸ਼ਟ) ਕਰਕੇ ਮੰਨਿਆ ਹੈ। ਹੇਰਾ (ਸ਼ਿਕਾਰ ਕੀਤਾ ਮਾਸ, ਅਭੱਖ ਵਸਤੂ) ਨਾਲ ਰੋਟੀ ਖਾਣ ਨੂੰ ਰੋਕਿਆ ਹੈ ਅਤੇ ਦਸਿਆ ਹੈ ਕਿ ਮਾਸ ਪ੍ਰਾਪਤ ਕਰਨ ਲਈ ਹੁਣ (ਇਸ ਜਨਮ ਵਿਚ) ਅਸੀਂ ਜਾਨਵਰਾਂ ਦੇ ਗਲ ਕਟਾਂਗੇ ਅਤੇ ਇਸ ਦੇ ਬਦਲੇ ਅਗਲੇ ਜਨਮਾਂ ਵਿਚ ਸਾਨੂੰ ਆਪਣਾ ਗਲਾ ਕਟਵਾਉਣਾ ਪਵੇਗਾ। ਇਸ ਲਈ ਇਹ ਸਉਦਾ ਸਾਨੂੰ ਪੁਗਦਾ ਨਹੀਂ। ਹੁਣ ਮਾਸ ਖਾਣ ਦੀ ਖ਼ਾਤਰ, ਕਉਣ ਮੁੜ ਆਪਣਾ ਗਲਾ ਕਟਾਵੇ? ਭਾਵ, ਮਾਸ ਖਾਣ ਵਾਲਿਆਂ ਨੂੰ ਮੁੜ ਮੁੜ ਜਨਮ ਲੈਕੇ ਘਟ ਤੋਂ ਘਟ ਉਤਨੀ ਵੇਰ ਜ਼ਰੂਰੀ ਹੀ ਗਲੇ ਕਟਾਣੇ ਪੈਣਗੇ ਜਿਤਨਿਆਂ ਜਾਨਵਰਾਂ ਦੇ ਗਲੇ ਕਟ ਕੇ ਇਨ੍ਹਾਂ ਨੇ ਆਪਣੇ ਜੀਵਨ ਵਿਚ ਮਾਸ ਪ੍ਰਾਪਤ ਕੀਤਾ ਹੋਵੇਗਾ। ਤਾਂ ਤੇ ਮਾਸ ਖਾਣ ਤੋਂ ਤੋਬਾ ਹੀ ਭਲੀ!

(ਖ) ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥
ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥੧॥੬॥ (੧੪੦)

ਪਹਿਲੀਆਂ ਦੋਹਾਂ ਤੁਕਾਂ ਅੰਦਰ ਰੱਤ ਦਾ ਜ਼ਿਕਰ ਹੈ। ਕਪੜੇ ਨੂੰ ਰੱਤ (ਲਹੂ) ਲਗ ਜਾਏ ਤਾਂ ਕਪੜਾ ਪਲੀਤ (ਗੰਦਾ) ਹੋ ਜਾਂਦਾ ਹੈ। ਜੇ ਲਹੂ ਪੀਤਾ ਜਾਏ ਤਾਂ ਚਿਤ ਪਲੀਤ ਹੋ ਜਾਂਦਾ ਹੈ। ਭਾਵ, ਮਨ ਨਿਰਮਲ ਨਹੀਂ ਰਹਿੰਦਾ। ਉਪਰ ਦਰਸਾਈਆਂ ਦੋਹਾਂ ਤੁਕਾਂ ਦਾ ਇਹ ਸਿੱਧਾ ਭਾਵ ਹੈ ਅਤੇ ਬੜਾ ਹੀ ਸਪੱਸ਼ਟ ਹੈ।

ਕਈ ਮਾਸ-ਅਹਾਰੀ ਸਿਖ ਦੂਜੀ ਤੁਕ ਦਾ ਅਰਥ ਇਹ ਦਸਦੇ ਹਨ ਕਿ ਜਿਹੜੇ ਲੋਕ ਮਾਣਸਾਂ (ਆਦਮੀਆਂ) ਦਾ ਲਹੂ ਪੀਂਦੇ ਹਨ, ਭਾਵ, ਮਾਣਸਾਂ ਨੂੰ ਲੁਟ ਲੁਟ ਕੇ ਖਾਂਦੇ ਹਨ, ਅਥਵਾ, ਦੂਸਰਿਆਂ ਦੀ ਕਮਾਈ ਖਾਂਦੇ ਹਨ, ਉਨ੍ਹਾਂ ਦਾ ਚਿੱਤ ਨਿਰਮਲ ਨਹੀਂ ਹੋ ਸਕਦਾ। ਉਪਰ ਦਰਸਾਈਆਂ ਪਹਿਲੀਆਂ ਦੋਹਾਂ ਤੁਕਾਂ ਅੰਦਰ ਕਮਾਈ ਦੀ ਕਿਸਮ ਦਾ ਜ਼ਿਕਰ ਬਿਲਕੁਲ ਹੀ ਨਹੀਂ ਹੋ ਰਿਹਾ ਕਿ ਕਿਸ ਪ੍ਰਕਾਰ ਦੀ ਕਮਾਈ ਚੰਗੀ ਹੈ ਅਤੇ ਕਿਸ ਪ੍ਰਕਾਰ ਦੀ ਮੰਦੀ। ਏਥੇ ਤਾਂ ਕੇਵਲ ਸਧਾਰਨ ਤੌਰ ਤੇ ਲਹੂ ਦਾ ਜ਼ਿਕਰ ਹੈ ਕਿ ਜੇ ਲਹੂ ਬਾਹਰ ਲੱਗ ਜਾਏ ਤਾਂ ਬਾਹਰਲਾ (ਕਪੜਾ) ਗੰਦਾ, ਅਤੇ ਲਹੂ ਪੀਤਾ ਜਾਏ ਤਾਂ ਅੰਦਰਲਾ (ਚਿੱਤ) ਗੰਦਾ। ਇਸ ਤਰ੍ਹਾਂ ਲਹੂ ਨੂੰ ਅਪਵਿਤਰ ਵਸਤੂ ਦਰਸਾਇਆ ਗਿਆ ਹੈ। ਲਹੂ ਲਗ ਕੇ ਕਪੜੇ ਦਾ ਪਲੀਤ ਹੋ ਜਾਣਾ ਤਾਂ ਬੜੀ ਸਿੱਧੀ ਜਿਹੀ ਗੱਲ ਹੈ। ਹੁਣ ਆਈ ਗੱਲ ਲਹੂ ਪੀਣ ਦੀ, ਅਥਵਾ ਮਾਸ ਖਾਣ ਵਾਲਿਆਂ ਦੀ। ਲਹੂ (ਮਾਸ) ਦੀ ਪ੍ਰਾਪਤੀ ਕਿਸੇ ਜੀਵ ਨੂੰ ਜਾਨੋਂ ਮਾਰ ਕੇ ਹੀ ਹੋ ਸਕਦੀ ਹੈ। ਇਹ ਕਰਤੱਵ ਮਨ ਦੀ ਜ਼ਾਲਮਾਨਾ ਰੁਚੀ ਦਾ ਸੂਚਕ ਹੈ। ਇਸ ਲਈ ਨਿਰਦਈ ਮਨ ਨਿਰਮਲ ਨਹੀਂ ਕਹਿਲਾ ਸਕਦਾ। ਦਇਆਵਾਨ ਦਾ ਹੀ ਮਨ ਨਿਰਮਲ ਕਹਿਲਾਏਗਾ।


www.AKJ.Org

ਅਗਲੀ (ਤੀਸਰੀ) ਤੁਕ ਰਾਹੀਂ ਗੁਰੂ ਜੀ ਫੁਰਮਾਉਂਦੇ ਹਨ ਕਿ ਰੱਬ ਦਾ ਨਾਉਂ ਨਿਰਮਲ ਮਨ (ਹਛੈ ਦਿਲਿ) ਨਾਲ ਜਪੋ। ਇਸ ਦਾ ਸਿੱਧਾ ਭਾਵ ਹੈ, ਜੇ ਨਾਮ ਨਿਰਮਲ ਚਿੱਤ ਨਾਲ ਨਹੀਂ ਜਪਿਆ ਤਾਂ ਗੁਰੂ ਜੀ ਨੂੰ ਇਹ ਪਰਵਾਨ ਨਹੀਂ ਹੈ। ਸੋ ਇਸ ਤੁਕ ਰਾਹੀਂ ਗੁਰੂ ਸਾਹਿਬ ਜੀ ਨੇ ਮਾਸ-ਅਹਾਰੀਆਂ ਦੀ ਪਾਠ-ਪੂਜਾ ਨੂੰ ਅਪਰਵਾਨ ਕੀਤਾ ਹੈ। ਮਾਸ ਖਾਣਾ ਬੇਰਹਿਮ ਮਨ ਦਾ ਸੂਚਕ ਹੈ। ਇਸ ਲਈ ਮਾਸ ਬਿਬਰਜਤ ਹੈ।

(ਗ) ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥੬॥ (੯੬੮)

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥੩॥ (੯੬੭)

ਗੁਰੂ ਕੇ ਲੰਗਰ ਦਾ ਜਿਕਰ ਕਰਦਿਆਂ ਹੋਇਆਂ ਗੁਰਬਾਣੀ ਦਰਸਾਉਂਦੀ ਹੈ ਕਿ ਗੁਰੂ ਕੀ ਰਸੋਈ (ਲੰਗਰ) ਵਿਚ ਨਿਤਾਪ੍ਰਤੀ (ਹਰ ਵਕਤ ਹੀ) ਘਿਉ, ਮੈਦਾ, ਖੀਰ (ਚਾਵਲ, ਦੁੱਧ, ਖੰਡ) ਆਦਿਕ ਅੰਮ੍ਰਿਤ ਖਾਣੇ ਹੀ ਤਿਆਰ ਹੁੰਦੇ ਰਹਿੰਦੇ ਹਨ। ਜੇ ਮਾਸ ਖਾਣ ਜੋਗ ਵਸਤੂ ਹੁੰਦੀ ਤਾਂ ਰਸੋਈ (ਲੰਗਰ) ਦੇ ਸਨਬੰਧ ਵਿਚ ਇਸ ਦਾ ਜ਼ਿਕਰ ਜ਼ਰੂਰ ਆਉਣਾ ਸੀ। ਪਰ ਆਇਆ ਨਹੀਂ।

ਇਸ ਤੁਕ ਅੰਦਰ ਵਿਸ਼ੇਸ਼ ਧਿਆਨ 'ਨਿਤ' ਵਲ ਦੇਣ ਦੀ ਲੋੜ ਹੈ। 'ਨਿਤ' ਦਾ ਭਾਵ ਹੈ ਕਿ ਹਰ ਸਮੇਂ (ਹਮੇਸ਼ਾ) ਜਦੋਂ ਭੀ ਲੰਗਰ ਤਿਆਰ ਹੁੰਦਾ ਹੈ। ਉਪਰ ਦਰਸਾਈਆਂ ਖਾਣ ਯੋਗ ਅੰਮ੍ਰਿਤ ਰੂਪੀ ਵਸਤੂਆਂ ਦਾ ਖਾਣ (ਪਕਵਾਨ) ਨਿਤ (ਹਰ ਵੇਲੇ ਹੀ) ਤਿਆਰ ਹੁੰਦਾ ਰਹਿੰਦਾ ਹੈ।

(ਘ) ਦਾਲਿ ਸੀਧਾ ਮਾਗਉ ਘੀਉ ॥ ....

ਅਨਾਜ ਮੰਗਉ ਸਤ ਸੀ ਕਾ ॥ ਗਊ ਭੈਸ ਮੰਗਉ ਲਵੇਰੀ ॥ (੬੯੫)

ਦੁਇ ਸੇਰ ਮਾਂਗਉ ਚੂਨਾ (ਆਟਾ) ॥ ਪਾਉ ਘੀਉ ਸੰਗਿ ਲੂਨਾ ॥

ਅਧ ਸੇਰੁ ਮਾਂਗਉ ਦਾਲੇ ॥੨॥੧੧॥ (੬੫੬)

ਭਗਤਾਂ ਨੇ ਰੱਬ ਪਾਸੋਂ ਖਾਣ ਯੋਗ ਵਸਤੂਆਂ ਮੰਗਣ ਲਗਿਆਂ ਕੇਵਲ ਘਿਉ, ਅਨਾਜ, ਆਟਾ, ਦਾਲ, ਲੂਣ, ਪਾਣੀ, ਦੁੱਧ ਆਦਿ ਦੀ ਹੀ ਮੰਗ ਕੀਤੀ ਹੈ। ਜੇ ਮਾਸ ਖਾਣ ਜੋਗੀ ਵਸਤੂ ਹੁੰਦੀ ਤਾਂ ਕਿਸੇ ਨਾ ਕਿਸੇ ਭਗਤ ਨੇ ਜ਼ਰੂਰ ਇਸ ਦੀ ਮੰਗ ਕਰ ਲੈਣੀ ਸੀ। ਪਰ ਕੀਤੀ ਨਹੀਂ। ਜੇ ਮੰਗਣ ਹੀ ਲਗ ਪਏ, ਅਤੇ ਉਹ ਭੀ ਰੱਬ ਪਾਸੋਂ, ਤਾਂ ਫਿਰ ਝਿਜਕ ਕਿਸ ਬਾਤ ਦੀ ? ਲਵੇਰੀ ਗਊ ਅਤੇ ਲਵੇਰੀ ਭੈਂਸ ਤਕ ਤਾਂ ਮੰਗ ਲਈਆਂ, ਪਰ ਸੇਰ, ਅੱਧ ਸੇਰ ਮਾਸ ਨਾ ਕਿਸੇ ਮੰਗਿਆ, ਅਤੇ ਨਾ ਹੀ ਕਿਸੇ ਨੇ ਸੂਰ, ਬਕਰਾ, ਮੁਰਗਾ, ਬਟੇਰਾ ਆਦਿ ਮੰਗੇ। ਇਸ ਤੋਂ ਸਪੱਸ਼ਟ ਹੈ ਕਿ ਮਾਸ ਅਭੱਖ ਵਸਤੂ ਹੈ। ਇਹ ਬਿਲਕੁਲ ਖਾਣ ਯੋਗ ਵਸਤੂ ਨਹੀਂ ਹੈ।

(ਙ) ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ ॥੪॥੪॥ (੮੮੧)

ਇਸ ਤੁਕ ਰਾਹੀਂ ਮਾੜੀ ਵਸਤੂ ਦੀ ਮਾੜੇ ਪੰਛੀਆਂ ਨਾਲ ਮਿਸਾਲ ਦਿਤੀ ਜਾ ਰਹੀ ਹੈ। ਬਗਲਾ ਅਤੇ ਕਾਗ (ਕਊਆ) ਇਨ੍ਹਾਂ ਦੋਹਾਂ ਪੰਛੀਆਂ ਨੂੰ ਗੁਰੂ ਸਾਹਿਬ ਜੀ ਨੇ ਇਸ ਲਈ ਨੀਚ ਕਹਿਆ ਹੈ, ਕਿਉਂਕਿ ਇਹ ਦੋਨੋਂ ਹੀ ਕਰੰਗ (ਮੁਰਦਾਰ-) ਭੱਖੀ ਹਨ। ਜੇ ਗੁਰੂ ਸਾਹਿਬ ਜੀ ਮੁਰਦਾਰ ਖਾਣ ਵਾਲੇ ਜਾਨਵਰਾਂ ਨੂੰ ਨੀਚ ਕਹਿੰਦੇ ਹਨ ਤਾਂ ਉਹ ਮੁਰਦਾਰ ਖਾਣ ਵਾਲੇ ਮਾਣਸਾਂ ਨੂੰ ਕਦੋਂ ਉਤਮ ਕਹਿਣਗੇ ? ਇਨ੍ਹਾਂ ਤੁਕਾਂ ਵਿਚ ਪੰਛੀਆਂ ਦੀ ਨੀਚਤਾ ਦਾ ਕਾਰਨ 'ਕਰੰਗ ਬਿਖੂ' ਦਸ ਕੇ ਮਨੁਖ ਮਾਤਰ ਨੂੰ ਇਸ ਬਿਖ ਦੇ ਸੇਵਨ ਤੋਂ ਖ਼ਬਰਦਾਰ ਕੀਤਾ ਹੈ।

(ਚ) ਹਕ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰਿ ਨ ਖਾਇ ॥੨॥੭॥ (੧੪੧)

ਪਹਿਲੀ ਤੁਕ ਰਾਹੀਂ ਗੁਰੂ ਜੀ ਨੇ ਪਰਾਏ ਹੱਕ ਨੂੰ ਖਾਣਾ, ਦੋਹਾਂ ਸ਼ਰੇਣੀਆਂ ਲਈ, ਬਿਬਰਜਤ ਸੂਰ ਅਤੇ ਗਊ ਦੇ ਮੁਰਦਾਰ ਖਾਣ ਦੇ ਬਰਾਬਰ ਦਰਸਾਇਆ ਹੈ। ਦੂਜੇ ਦਾ ਹੱਕ ਖਾਣਾ ਬੇ-ਰਹਿਮੀ ਦਾ ਸੂਚਕ ਹੈ। ਜੀਅ ਨੂੰ ਮਾਰ ਕੇ ਮੁਰਦਾਰ ਖਾਣਾ ਭੀ ਬੇਰਹਿਮੀ ਦਾ ਸੂਚਕ ਹੈ। ਇਸ ਲਈ ਪਰਾਇਆ ਹੱਕ ਤੇ ਮੁਰਦਾਰ ਦੋਨੋਂ ਹੀ ਬਿਬਰਜਤ ਹਨ ਅਤੇ ਇਕੋ ਪੱਧਰ ਦੇ ਹਨ। ਇਹ ਮੁਰਦਾਰ ਭਾਵੇਂ ਕਿਸੇ ਜੀਵ ਦਾ ਹੋਵੇ ਅਤੇ ਭਾਵੇਂ ਕਿਸੇ ਤਰੀਕੇ ਨਾਲ



www.AKJ.Org

ਪ੍ਰਾਪਤ ਕੀਤਾ ਗਿਆ ਹੋਵੇ–ਹਲਾਲ, ਝਟਕਾ, ਗੋਲੀ, ਗਲ ਘੁਟ ਕੇ ਜਾਂ ਹੋਰ ਕਿਸੇ ਢੰਗ ਨਾਲ ਜਾਨ ਕਢ ਕੇ। ਇਸ ਨੂੰ ਭਾਵੇਂ ਝਟਕਾ, ਹਲਾਲ ਜਾਂ ਮਹਾਂ-ਪ੍ਰਸ਼ਾਦ ਕਹੋ। ਮਨ-ਭਾਉਂਦੇ, ਦਿਲ-ਖਿਚਵੇਂ ਨਾਮ ਰਖ ਕੇ ਮਾਸ ਦੇ ਮਾਸ-ਪੁਣੇ ਉਤੇ ਪਰਦਾ ਨਹੀਂ ਪੈ ਸਕਦਾ। ਇਹ ਤਾਂ ਹਰ ਲੇਬਲ ਥਲੇ ਕਿਸੇ ਮੁਰਦਾ ਜੀਵ ਦੇ ਸਰੀਰ ਦਾ ਹਿੱਸਾ ਹੀ ਕਹਿਲਾਏਗਾ (ਪੱਠਾ, ਪੱਟ, ਕਲੇਜੀ, ਗੁਰਦਾ, ਕਪੂਰੇ, ਸਿਰੀ, ਖਰੋੜੇ, ਆਦਿ) ਅਤੇ ਰੱਤ-ਭਿੰਨਾ ਹੱਡ ਮਾਸ ਦਾ ਗਲੇਫਾ ਹੀ ਨਜ਼ਰ ਆਏਗਾ।

ਮਾਸ ਨੂੰ 'ਮਹਾਂ ਪ੍ਰਸ਼ਾਦ' ਦਾ ਲੇਬਲ ਲਾਉਣ ਨਾਲ ਇਹ ਉਤਮ ਵਸਤੂ ਤਾਂ ਨਹੀਂ ਬਣ ਜਾਣੀ! ਜੇ ਮਾਸ ਉਤਮ ਵਸਤੂ ਹੈ ਅਤੇ ਮਾਸ ਖਾਣ ਵਾਲੇ ਇਸ ਨੂੰ 'ਮਹਾਂ ਪ੍ਰਸ਼ਾਦ' ਸਮਝਦੇ ਹਨ ਤਾਂ ਕੀ ਮਾਸ ਗੁਰੂ-ਦੁਆਰਿਆਂ ਵਿਖੇ ਲਿਜਾ ਕੇ ਸਤਿਗੁਰੂ ਜੀ ਨੂੰ ਭੇਟ ਕੀਤਾ ਜਾ ਸਕਦਾ ਹੈ? ਕਦਾਚਿਤ ਨਹੀਂ।

(ਛ) ਮਾਸ-ਖ਼ੋਰੇ ਸਿਖ, ਮਾਸ ਖਾਣ ਨੂੰ ਜਾਇਜ਼ ਦਸਣ ਲਈ ਅਕਸਰ "ਮਾਸੁ ਮਾਸੁ ਕਰਿ ਮੂਰਖੁ ਝਗੜੇ ....." (੧੨੮੯) ਵਾਲੇ ਸ਼ਬਦ ਦਾ ਆਸਰਾ ਲਿਆ ਕਰਦੇ ਹਨ, ਅਤੇ ਕਿਹਾ ਕਰਦੇ ਹਨ ਕਿ ਮਾਸ ਖਾ ਲੈਣਾ ਚਾਹੀਦਾ ਹੈ, ਇਸ ਬਾਰੇ ਝਗੜਾ ਕਰਨਾ ਮੂਰਖਤਾਈ ਹੈ।

ਗੁਰੂ ਜੀ ਨੇ ਇਸ ਸ਼ਬਦ ਰਾਹੀਂ ਬ੍ਰਾਹਮਣਾਂ ਦੀ, ਮਾਸ ਦੇ ਨਾਮ ਮਾਤਰ ਤੋਂ ਕੁਢੱਬੀ ਅਤੇ ਬੇਤੁਕੀ ਨਫ਼ਰਤ ਦੇ ਜ਼ਨੂੰਨ ਨੂੰ ਨਵਿਰਤ ਕੀਤਾ ਹੈ,ਅਤੇ ਇਨ੍ਹਾਂ ਨੂੰ ਕਿਹਾ ਹੈ ਕਿ ਭਾਈਓ,ਤੁਹਾਡਾ ਮਾਸ ਦੇ ਨਾਂ ਤੋਂ ਨਫ਼ਰਤ ਕਰਨ ਦਾ ਕੁਝ ਅਰਥ ਹੀ ਨਹੀਂ ਨਿਕਲਦਾ, ਕਿਉਂਕਿ ਤੁਹਾਡਾ ਆਪਣਾ ਸਾਰਾ ਵਜੂਦ ਹੀ ਮਾਸ ਦਾ ਹੈ। ਮਾਸ ਤੋਂ ਹੀ ਪੈਦਾ ਹੋਈਦਾ ਹੈ, ਮਾਸ ਦਾ ਮੂੰਹ ਹੈ, ਮਾਸ ਦੀ ਜੀਭ ਹੈ, ਮਾਸ ਨਾਲ ਹੀ ਤੁਹਾਡਾ ਸਾਰਾ ਮੇਲ ਮਿਲਾਪ ਹੈ ਅਤੇ ਲੈਣ-ਦੇਣ ਹੈ।"

ਇਸ ਸ਼ਬਦ ਅੰਦਰ ਮੁਸਲਮਾਨਾਂ ਅਤੇ ਹਿੰਦੂਆਂ ਦੇ ਯੱਗਾਂ ਅੰਦਰ, ਜਾਨਵਰਾਂ ਦੀਆਂ ਦਿਤੀਆਂ ਜਾਂਦੀਆਂ ਬਲੀਆਂ ਦਾ ਜ਼ਿਕਰ ਕਰ ਕੇ ਉਨ੍ਹਾਂ ਦੇ ਮੋਮਨਪੁਣੇ ਦਾ ਪਾਜ ਖੋਲ੍ਹਿਆ ਹੈ। ਪੰਡਤਾਂ ਨੂੰ ਕਿਹਾ ਹੈ ਕਿ ਆਪਣੇ ਜ਼ਨੂੰਨ ਵਿਚ ਗ੍ਰਸਤ ਹੋਇਆਂ ਹੋਇਆਂ ਨੂੰ ਤੁਹਾਨੂੰ ਪਤਾ ਹੀ ਨਹੀਂ ਹੈ ਕਿ ਮਾਸ ਕੀ ਹੈ ਅਤੇ ਸਾਗ ਕੀ ਹੈ, ਅਤੇ ਕਿਸ ਵਿਚ ਪਾਪ ਸਮਾਏ ਹੋਏ ਹਨ।

ਇਸ ਸ਼ਬਦ ਵਿਚ ਗੁਰੂ ਜੀ ਨੇ ਕਿਤੇ ਭੀ ਨਹੀਂ ਕਿਹਾ ਕਿ ਮਾਸ ਭੱਖ ਵਸਤੂ ਹੈ ਅਤੇ ਇਨਸਾਨ ਦੇ ਖਾ ਲੈਣ ਜੋਗ ਹੈ।

ਮਾਸ ਖਾਣ ਲਈ ਇਸ ਸ਼ਬਦ ਦੀ ਓਟ ਦਾ ਬਹਾਨਾ ਬਨਾਉਣਾ ਬਿਅਰਥ ਹੈ। ਗੁਰੂ ਸਾਹਿਬ ਜੀ ਸਗੋਂ ਇਸ ਸ਼ਬਦ ਵਿਚ ਫ਼ੁਰਮਾਉਂਦੇ ਹਨ– ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥੨॥੨੫॥(੧੨੯੦)

ਭਾਵ, ਜਿਨ੍ਹਾਂ ਦਾ ਆਗੂ (ਨਸੀਅਤ ਕਰਨ ਵਾਲਾ) ਅੰਧਾ (ਗਿਆਨ-ਹੀਣ) ਹੈ, ਉਹ ਲੋਗ ਖਾਣ ਜੋਗ (ਭੱਖ) ਵਸਤੂਆਂ ਨੂੰ ਛਡ ਕੇ ਨਾ ਖਾਣ ਜੋਗ ਮਾਸ (ਅਭੱਖ) ਨੂੰ ਤਰਜੀਹ ਦੇ ਕੇ ਖਾਂਦੇ ਹਨ। ਇਸ ਤੁਕ ਰਾਹੀਂ ਗੁਰੂ ਸਾਹਿਬ ਜੀ ਨੇ ਮਾਸ ਖਾਣ ਦਾ ਉਪਦੇਸ਼ ਦੇਣ ਵਾਲੇ ਆਗੂਆਂ ਨੂੰ, ਸਗੋਂ ਅੰਨ੍ਹੇ ਆਖ ਕੇ ਕਸਵੀਂ ਝਾੜ ਪਾਈ ਹੈ–

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥੨॥੧੦॥ (੯੫੧)


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਜੇਲ੍ਹ ਚਿੱਠੀਆਂ | ੩੦-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਗੁਰਮਤਿ ਲੇਖ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ? ੨-੫੦ ਅੰਮ੍ਰਿਤ ਕਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਆਸਤਕ ਤੇ ਨਾਸਤਕ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਉਮਰ ਕੈਦੀ ਦਾ ਸੁਪਨਾ | ੧-੨੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਕੋ ਵਿਰਲਾ ਗੁਰਮਤਿ ਚਲੈ ਜੀਉ | ੦-੭੫ |
| ਸੱਚੀਆਂ ਦਾੜ੍ਹੀਆਂ ੦-੭੫ ਸਿਖ ਕੌਣ ਹੈ? | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੦-੭੫ |


www.AKJ.Org

# ਮਾਡਲ ਟੈਸਟ ਪੇਪਰ ਅਨੰਦੁ ਸਾਹਿਬ

ਨੋਟ :—ਗੁਰਬਾਣੀ ਥਰੇਪੀ ਟ੍ਰਸਟ ਅੰਮ੍ਰਿਤਸਰ ਵਲੋਂ, ਗੁਰਬਾਣੀ ਸਾਧਨਾ ਸਕੀਮ ਹੇਠ ਅਨੰਦੁ ਸਾਹਿਬ ਅਤੇ ਰਹਿਰਾਸ ਸਾਹਿਬ ਦੀ ਪ੍ਰੀਖਿਆ ੧-੧੦-੯੦ ਨੂੰ ਰਖੀ ਗਈ ਹੈ। ਇਨ੍ਹਾਂ ਦੋਹਾਂ ਬਾਣੀਆਂ ਦੇ ਸੰਬੰਧ ਵਿਚ ਛਪੇ ਮਾਡਲ ਟੈਸਟ ਪੇਪਰ ਵਿਚੋਂ ਅਨੰਦੁ ਸਾਹਿਬ ਦਾ ਪੇਪਰ ਐਤਕੀਂ 'ਸੂਰਾ' ਵਿਚ ਦੇ ਰਹੇ ਹਾਂ। —ਸੰਪਾਦਕ

੧. ਪ੍ਰਸ਼ਨ :—ਸ੍ਰੀ ਅਨੰਦੁ ਸਾਹਿਬ ਸੰਬੰਧੀ ਦਸੋ :—

(ੳ) ਇਹ ਪਾਵਨ ਬਾਣੀ ਕਿਹੜੇ ਸਤਿਗੁਰੂ ਜੀ ਦੀ ਰਚਨਾ ਹੈ? (ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਹੜੇ ਰਾਗ ਵਿਚ ਦਰਜ ਹੈ? (ੲ) ਇਸ ਪਾਵਨ ਬਾਣੀ ਦੀਆਂ ਕਿੰਨੀਆਂ ਪਉੜੀਆਂ ਹਨ? (ਸ ਇਸ ਪਾਵਨ ਬਾਣੀ ਦਾ ਖਾਲਸਾ ਰਹਿਤ ਮਰਯਾਦਾ ਨਾਲ ਕੀ ਸੰਬੰਧ ਹੈ?

ਉਤਰ :—(ੳ) 'ਅਨੰਦੁ' ਸਾਹਿਬ ਨਾਮ ਦੀ ਬਾਣੀ ਤੀਜੇ ਗੁਰਦੇਵ ਸ੍ਰੀ ਗੁਰੂ ਅਮਰ ਦਾਸ ਜੀ ਦੀ ਰਚਨਾ ਹੈ।

(ਅ) ਇਹ ਪਾਵਨ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਮਕਲੀ ਰਾਗ ਵਿਚ ਦਰਜ ਹੈ।

(ੲ) ਇਸ ਪਾਵਨ ਬਾਣੀ ਦੀਆਂ ੪੦ ਪਉੜੀਆਂ ਹਨ।

(ਸ) (i) ਅੰਮ੍ਰਿਤ-ਬਾਟਾ ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਪੰਜ ਬਾਣੀਆਂ ਵਿਚੋਂ ਸ੍ਰੀ ਅਨੰਦ ਸਾਹਿਬ ਵੀ ਇਕ ਬਾਣੀ ਹੈ। (ii) ਹਰੇਕ ਅੰਮ੍ਰਿਤਧਾਰੀ ਗੁਰਸਿਖ ਲਈ ਨਿਤਨੇਮ ਦੀਆਂ ਪੰਜ ਬਾਣੀਆਂ ਵਿਚ ਇਸ ਪਾਵਨ ਬਾਣੀ ਦਾ ਪਾਠ ਅੰਮ੍ਰਿਤ ਵੇਲੇ ਕਰਨ ਦਾ ਹੁਕਮ ਹੈ। (iii) ਹਰੇਕ ਸਮਾਗਮ ਭਾਵੇਂ ਖ਼ੁਸ਼ੀ ਦਾ ਹੋਵੇ ਜਾਂ ਗ਼ਮੀ ਦਾ, ਉਸ ਦੀ ਸਮਾਪਤੀ ਤੋਂ ਪਹਿਲਾਂ ਸ੍ਰੀ ਅਨੰਦ ਸਾਹਿਬ ਦੀਆਂ ਛੇ ਪਉੜੀਆਂ (ਅਰੰਭਕ ਪੰਜ ਪਉੜੀਆਂ ਅਤੇ ਅੰਤਲੀ ਪਉੜੀ) ਦਾ ਪਾਠ/ਕੀਰਤਨ ਜ਼ਰੂਰ ਕੀਤਾ ਜਾਂਦਾ ਹੈ।

੨. ਪ੍ਰਸ਼ਨ :—ਭਗਤਾਂ ਦੀ ਨਿਰਾਲੀ ਚਾਲ ਦੀਆਂ ਵਿਸ਼ੇਸ਼ਤਾਈਆਂ ਦਸੋ।

ਉਤਰ :—(ੳ) **ਖੰਡੇ-ਧਾਰ ਅਥਵਾ ਬਿਖਮ-ਮਾਰਗ ਤੇ ਚਲ ਸਕਣ ਦੀ ਸਮਰੱਥਾ—**

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥......
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥ (੧੪)

(ਅ) **ਸ੍ਵੈ-ਕਾਬੂ**—ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥੧੪॥

(ੲ) **ਆਪਾ ਭਾਵ ਦਾ ਤਿਆਗ ਅਤੇ ਹਰਿ ਨਾਮ ਸੁਗੰਧੀ ਦੀ ਪ੍ਰਾਪਤੀ—**

ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥੪॥

੩. ਪ੍ਰਸ਼ਨ :—(ੳ) 'ਸਹਸਾ' ਅਤੇ 'ਸਹਜ' ਦੋਹਾਂ ਦਾ ਅਰਥ ਲਿਖੋ। (ਅ) 'ਸਹਸਾ' ਕਿਉਂ ਮਾੜਾ ਹੈ ਅਤੇ 'ਸਹਜ' ਸਲਾਹੁਣ-ਜੋਗ ਕਿਉਂ? (ੲ) 'ਸਹਸਾ' ਕਿਵੇਂ ਦੂਰ ਹੋਵੇ ਅਤੇ ਸਹਜ ਕਿਵੇਂ ਪ੍ਰਾਪਤ ਹੋਵੇ?

ਉਤਰ :—(ੳ) ਸਹਸਾ—ਭਰਮ, ਤੌਖਲਾ, ਭ੍ਰਾਂਤੀ। ਸਹਜ—ਗਿਆਨ-ਪ੍ਰਾਪਤੀ ਦੀ ਅਵਸਥਾ, ਆਤਮਿਕ ਅਡੋਲਤਾ।

(ਅ) 'ਸਹਸਾ' ਇਸ ਲਈ ਮਾੜਾ ਹੈ ਕਿ ਮਨ ਨੂੰ ਮਲੀਣ (ਗੰਦਾ) ਕਰਦਾ ਹੈ :—

ਸਹਸੈ ਜੀਉ ਮਲੀਣੁ ਹੈ......(੧੮)

**ਸਹਜ ਇਸ ਲਈ ਸਲਾਹੁਣ ਯੋਗ ਹੈ ਕਿ ਮਨ ਨੂੰ ਟਿਕਾਅ ਅਤੇ ਚੜ੍ਹਦੀ ਕਲਾ ਵਿਚ ਰਖਦਾ ਹੈ—**

ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਧਾਈਆ ॥੧॥

**(ੲ) ਸਹਸੇ ਦੀ ਨਵਿਰਤੀ ਅਤੇ ਸਹਜ ਦੀ ਪ੍ਰਾਪਤੀ ਸ਼ਬਦ ਵਿਚ ਜੁੜਿਆਂ ਅਤੇ ਗੁਰੂ ਦੀ ਕਿਰਪਾ ਦੁਆਰਾ ਹੋ ਸਕਦੀ ਹੈ—**

ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥



www.AKJ.Org

੪. ਪ੍ਰਸ਼ਨ :–'ਸਿਵ' ਅਤੇ 'ਸਕਤਿ' ਕੀ ਹਨ ? (ਅ) ਕੀ 'ਸਿਵ' ਅਤੇ 'ਸਕਤੀ' ਸੁਤੰਤਰ ਹਨ ਕਿ ਪਰ-ਅਧੀਨ ? (ੲ) 'ਸਕਤਿ' ਦੇ ਬੰਧਨ ਤੋਂ 'ਸਿਵ' ਦਾ ਛੁਟਕਾਰਾ ਕਿਵੇਂ ਹੋਵੇ ?

ਉਤਰ :–(ੳ) ਸਿਵ–ਜੀਵਾਤਮਾ। ਸਕਤਿ–ਮਾਇਆ।

(ਅ) 'ਸਿਵ' ਅਤੇ 'ਸਕਤਿ' ਪਰ-ਅਧੀਨ ਹਨ, ਇਹਨਾਂ ਦੇ ਉਤੇ ਹੁਕਮ ਕਰਨ ਵਾਲਾ ਕਰਤਾ ਪੁਰਖ ਹੈ–
ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥੨੯॥

(ੲ) 'ਸਕਤਿ' ਤੋਂ 'ਸਿਵ' ਦਾ ਛੁਟਕਾਰਾ ਸ਼ਬਦ ਦੁਆਰਾ ਹੀ ਸੰਭਵ ਹੈ :–
ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥੨੯॥

੫. ਪ੍ਰਸ਼ਨ :–ਸ੍ਰੀ ਅਨੰਦੁ ਸਾਹਿਬ ਅਨੁਸਾਰ 'ਅਨੰਦੁ' ਦਾ ਕੀ ਲਛਣ ਹੈ ? ਕਿਥੋਂ ਅਤੇ ਕਿਵੇਂ ਪ੍ਰਾਪਤ ਹੁੰਦਾ ਹੈ ?

ਉਤਰ :–(ੳ) **'ਅਨੰਦੁ' ਦਾ ਲਛਣ ਹੈ ਮੋਹ ਨਾਲੋਂ ਮਨ ਕਰਕੇ ਤੋੜ-ਵਿਛੋੜਾ** :–
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥

(ਅ) **ਆਨੰਦੁ ਦੀ ਪ੍ਰਾਪਤੀ ਸਤਿਗੁਰੂ ਤੋਂ ਹੁੰਦੀ ਹੈ** :–
ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥੭॥
ਅਨੰਦੁ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ ॥੧॥

(ੲ) **ਅਨੰਦ ਦੀ ਪ੍ਰਾਪਤੀ ਸਤਿਗੁਰੂ ਦੀ ਮਿਹਰ ਸਦਕਾ ਹੁੰਦੀ ਹੈ** :–
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥੭॥

੬. ਪ੍ਰਸ਼ਨ :–(ੳ) ਸ੍ਰੀ ਅਨੰਦੁ ਸਾਹਿਬ ਅਨੁਸਾਰ 'ਅਕਥ ਕੀ ਕਹਾਣੀ' ਕੀ ਹੈ ?
(ਅ) 'ਅਕੱਥ' ਅਤੇ 'ਅਕਥ ਕੀ ਕਹਾਣੀ' ਕਿਵੇਂ ਪ੍ਰਾਪਤ ਹੋਵੇ ?

ਉਤਰ :–(ੳ) ਸਚੀ ਬਾਣੀ ਹੀ 'ਅਕਥ ਕੀ ਕਹਾਣੀ ਹੈ :–
ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥ ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥

(ਅ) 'ਅਕਥ' ਅਤੇ 'ਅਕਥ ਕੀ ਕਹਾਣੀ' ਦੀ ਪ੍ਰਾਪਤੀ ਸੰਪੂਰਨ ਸਮਰਪਣ ਅਤੇ ਹੁਕਮ ਦੀ ਪਾਲਣ। ਦੁਆਰਾ ਹੁੰਦੀ ਹੈ :– ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥੯॥

੭. ਪ੍ਰਸ਼ਨ :–ਹੇਠ ਲਿਖੀਆਂ ਪੰਗਤੀਆਂ ਠੀਕ ਥਾਵੇਂ ਬਿਸ੍ਰਾਮ-ਚਿੰਨ੍ਹ ਲਾ ਕੇ ਲਿਖੋ :–

(ੳ) ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥੪॥
(ਅ) ਹਰਿ ਜੀਉ ਗੁਫਾ ਅੰਦਰਿ ਰੱਖਿ ਕੈ ਵਾਜਾ ਪਵਣੁ ਵਜਾਇਆ ॥੩੮॥
(ੲ) ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥੩੭॥
(ਸ) ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥

ਉਤਰ :–(ੳ) ਕਰਿ ਸਾਂਤਿ ਸੁਖ, ਮਨਿ ਆਇ ਵਸਿਆ, ਜਿਨਿ ਇਛਾ ਸਭਿ ਪੁਜਾਈਆ ॥੪॥
(ਅ) ਹਰਿ, ਜੀਉ ਗੁਫਾ ਅੰਦਰਿ ਰਖਿ ਕੈ, ਵਾਜਾ ਪਵਣੁ ਵਜਾਇਆ ॥੩੮॥
(ੲ) ਸਚੁ ਅਲਖ ਵਿਡਾਣੀ, ਤਾ ਕੀ ਗਤਿ ਕਹੀ ਨ ਜਾਏ ॥੩੭॥
(ਸ) ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ, ਪਵਿਤ੍ਰ ਹੋਵਹੁ, ਸਾਚੈ ਸੁਨਣੈ ਨੋ ਪਠਾਏ ॥੩੭॥

੮. ਪ੍ਰਸ਼ਨ :–ਮਨੁਖੀ ਸਰੀਰ ਦੇ ਕਿੰਨੇ ਦੁਆਰੇ ਹਨ ਅਤੇ ਕਿਹੜੇ ਕਿਹੜੇ ?
ਇਹਨਾਂ ਵਿਚ ਕਿਹੜਾ ਦੁਆਰਾ ਉਤਮ ਹੈ ਤੇ ਕਿਉਂ ? ਇਹ ਦੁਆਰਾ ਲਭੇ ਕਿਵੇਂ ?

ਉਤਰ :–ਮਨੁਖੀ ਸਰੀਰ ਦੇ ਕੁਲ ਦਸ ਦੁਆਰੇ ਹਨ। ਇਹਨਾਂ ਵਿਚੋਂ ਹੇਠ ਲਿਖੇ ਬਾਹਰਮੁਖੀ ਨਉ ਦੁਆਰੇ ਪਰਗਟ ਹਨ :–ਅੱਖਾਂ ੨, ਕੰਨ ੨, ਨੱਕ ੧, ਮੂੰਹ ੧, ਲਿੰਗ ੧, ਗੁਦਾ ੧, ਤੁਚਾ (ਚਮੜੀ) ੧।

ਅੰਤਰਮੁਖੀ ਦੁਆਰ 'ਦਸਮ ਦੁਆਰਾ' ਗੁਪਤ ਹੈ, ਤੇ ਇਹ ਹੀ ਉਤਮ ਦੁਆਰਾ ਹੈ ਕਿਉਂਜੁ ਏਥੇ ਨਾਮ ਖ਼ਜ਼ਾਨਾ ਰਖਿਆ ਹੋਇਆ ਹੈ :–

ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥੩੮॥

ਇਹ 'ਦਸਮ ਦੁਆਰਾ' ਸਤਿਗੁਰੂ ਦੁਆਰਾ ਸ਼ਰਧਾ-ਭਾਵਨੀ ਉਤਪੰਨ ਹੋਣ ਤੇ ਦਿਸ ਆਉਂਦਾ ਹੈ :–

ਗੁਰ ਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥੩੮॥

੯. ਪ੍ਰਸ਼ਨ :–ਹੇਠ ਲਿਖੀਆਂ ਪੁਛਾਂ ਦੇ ਉੱਤਰ ਸ੍ਰੀ ਅਨੰਦੁ ਸਾਹਿਬ ਦੀ ਬਾਣੀ ਦੁਆਰਾ ਦਿਓ :–

(ੳ) ਮਨ ਨਿਰਮਲ ਕਿਵੇਂ ਹੋਵੇ ? (ਅ) ਨਾਲ ਨਿਭਣ ਵਾਲੀ ਕਿਹੜੀ ਵਸਤੂ ਹੈ ? (ੲ) ਅੰਮ੍ਰਿਤ ਕਿਥੋਂ ਤੇ ਕਿਵੇਂ ਮਿਲਦਾ ਹੈ ? (ਸ) ਅੰਮ੍ਰਿਤ ਪ੍ਰਾਪਤੀ ਦਾਂ ਕੀ ਪਰਮਾਣ ਹੈ ? (ਹ) ਅਮੋਲਕ ਮਨੁਖਾ ਜਨਮ ਜੂਏ ਵਿਚ ਕਿਸ ਨੇ ਹਾਰਿਆ ਹੈ ? (ਕ) ਸ੍ਰੀ ਅਨੰਦੁ ਸਾਹਿਬ ਅਨੁਸਾਰ ਮਾਰੂ ਰੋਗ ਕਿਹੜਾ ਹੈ ? ਇਸ ਤੋਂ ਛੁਟਕਾਰਾ ਕਿਵੇਂ ਮਿਲੇ ? (ਖ) ਸ੍ਰੀ ਅਨੰਦੁ ਸਾਹਿਬ ਵਿਚ ਬੇਤਾਲੇ ਕਿਸ ਨੂੰ ਆਖਿਆ ਗਿਆ ਹੈ ? (ਗ) ਸਨਮੁਖੁ ਹੋਣ ਦੀ ਕੀ ਨਿਸ਼ਾਨੀ ਹੈ ? (ਘ) ਸ੍ਰੀ ਅਨੰਦੁ ਸਾਹਿਬ ਅਨੁਸਾਰ 'ਰਤਨ' ਕੀ ਹੈ ? (ਙ) ਸ੍ਰੀ ਅਨੰਦੁ ਸਾਹਿਬ ਅਨੁਸਾਰ 'ਰਾਸਿ' ਕਿਹੜੀ ਹੈ ? ਵਣਜਾਰਾ ਕੌਣ ਹੈ ? ਰਾਸਿ ਕਿਥੋਂ ਮਿਲਦੀ ਹੈ ? (ਚ) ਸਰੀਰ ਪ੍ਰਵਾਣ ਕਿਹੜਾ ਹੈ ?

ਉਤਰ :–(ੳ) ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥੮॥

(ਅ) ਸਤਿਗੁਰੂ ਕਾ ਉਪਦੇਸੁ ਸੁਣਿ ਤੂ, ਹੋਵੈ ਤੇਰੈ ਨਾਲੇ ॥੧੧॥

(ੲ) ਸੁਰਿਨਰ ਮੁਨਿਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥<br>
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥੧੩॥

(ਸ) ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥੧੩॥

(ਹ) ਜੀਅਹੁ ਮੈਲੇ ਬਾਹਰਹੁ ਨਿਰਮਲ ॥<br>
ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥......<br>
ਕਹੈ ਨਾਨਕੁ ਜਿਨ ਸਚੁ ਤਜਿਆ, ਕੂੜੇ ਲਾਗੇ, ਤਿਨੀ ਜਨਮੁ ਜੂਐ ਹਾਰਿਆ ॥੧੯॥

(ਕ) ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥੧੯॥<br>
ਹਰਿ ਰਸੁ ਪਾਇ ਪਲੈ, ਪੀਐ ਹਰਿ ਰਸੁ, ਬਹੁੜਿ ਨ ਤ੍ਰਿਸਨਾ ਲਾਗੈ ਆਇ ॥੩੨॥

(ਖ) ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥੧੯॥

(ਗ) ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ ॥<br>
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਇ ॥੨੧॥

(ਘ) ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥੨੫॥

(ਙ) ਹਰਿ **ਰਾਸਿ** ਮੇਰੀ, ਮਨੁ **ਵਣਜਾਰਾ**, **ਸਤਿਗੁਰ ਤੇ** ਰਾਸਿ ਜਾਣੀ ॥੩੧॥

(ਚ) ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥

੧੦. ਪ੍ਰਸ਼ਨ :–ਸ੍ਰੀ ਅਨੰਦੁ ਸਾਹਿਬ ਵਿਚੋਂ ਮਾਇਆ ਬਾਰੇ ਜੋ ਜਾਣਕਾਰੀ ਮਿਲਦੀ ਹੈ, ਨਿਰੂਪਨ ਕਰੋ ।

ਉਤਰ :–(ੳ) ਪ੍ਰਭੂ ਵਿਸਰ ਜਾਣਾ ਅਤੇ ਦੂਜੇ ਭਾਵ ਦਾ ਪੈਦਾ ਹੋ ਜਾਣਾ ਹੀ 'ਮਾਇਆ' ਹੈ :–

ਏਹ ਮਾਇਆ ਜਿਤੁ ਹਰਿ ਵਿਸਰੈ, ਮੋਹੁ ਉਪਜੈ, ਭਾਉ ਦੂਜਾ ਲਾਇਆ ॥੨੯॥

(ਅ) ਮਾਇਆ ਦੀ ਤ੍ਰਿਸ਼ਨਾ ਇਕ ਅਜਿਹੀ ਅੱਗ ਹੈ ਜੋ ਕਦੀ ਬੁਝਦੀ ਨਹੀਂ :–

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥<br>
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥੨੯॥



www.AKJ.Org

(ਦ) ਮਾਇਆ ਮੋਹਣੀ (ਠਗਣੀ) ਹੈ, ਜਿਸ ਨੇ ਸੰਸਾਰ ਨੂੰ ਭਰਮ ਵਿਚ ਭੁਲਾਇਆ ਹੋਇਆ ਹੈ :-

ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥੧੦॥

(ਸ) ਮੋਹਣੀ-ਮਾਇਆ ਚੋਜ-ਵਿਡਾਣੀ-ਪ੍ਰਭੂ-ਪ੍ਰਮੇਸ਼ਰ ਨੇ (ਜੀਵ ਜੰਤੂਆਂ ਦੀ ਸੇਵਾ ਲਈ) ਆਪ ਉਪਾਈ ਹੈ। ਇਹ ਮਿਠਾ ਮੋਹ ਵਾਹਿਗੁਰੂ ਨੇ ਜੀਵਾਂ ਨੂੰ ਆਪ ਲਾਇਆ ਹੈ :-

ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥

ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥੧੦॥

(ਹ) ਜਿਸ ਨੂੰ ਗੁਰੂ-ਕਿਰਪਾ ਦੁਆਰਾ ਪ੍ਰਭੂ ਦੀ ਲਿਵ ਲਗ ਜਾਏ, ਉਸ ਉਤੇ ਮਾਇਆ ਦਾ ਕੋਈ ਪ੍ਰਭਾਵ ਨਹੀਂ ਪੈਂਦਾ, ਤੇ ਉਹ ਮਾਇਆ ਵਿਚ ਉਦਾਸ ਰਹਿ ਕੇ ਪ੍ਰਭੂ ਨੂੰ ਪਾ ਲੈਂਦਾ ਹੈ-

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥੨੯॥

੧੧. ਪ੍ਰਸ਼ਨ :-(ੳ) 'ਲਿਵ' ਦਾ ਕੀ ਅਰਥ ਹੈ ? (ਅ) ਆਨੰਦੁ ਸਾਹਿਬ ਤੋਂ 'ਲਿਵ' ਬਾਰੇ ਕੀ ਜਾਣਕਾਰੀ ਹੁੰਦੀ ਹੈ?

ਉਤਰ :-(ੳ) 'ਲਿਵ' ਦਾ ਅਰਥ ਹੈ 'ਸੁਰਤੀ ਦਾ ਅੰਤਰਮੁਖੀ ਪ੍ਰਵਾਹ'।

(ਅ) (i) ਮਾਤਾ ਦੇ ਗਰਭ ਵਿਚ ਜੀਵ ਪ੍ਰਭੂ ਵਿਚ ਲਿਵ-ਲੀਨ ਰਹਿੰਦਾ ਹੈ, ਜਿਸ ਸਦਕਾ ਗਰਭ-ਅਗਨ ਇਸ ਨੂੰ ਪੋਂਹਦੀ ਨਹੀਂ। ਜਨਮ ਲੈਂਦਿਆਂ ਮਾਇਆ ਦੇ ਪ੍ਰਭਾਵ ਅਧੀਨ ਜੀਵ ਦੀ ਲਿਵ ਟੁੱਟ ਜਾਂਦੀ ਹੈ ਅਤੇ ਮਾਇਆ ਦੀ ਤ੍ਰਿਸ਼ਨਾ ਚੰਬੜ ਜਾਂਦੀ ਹੈ :-

ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥੨੯॥

(ii) ਲਿਵ ਤੋਂ ਬਗੈਰ ਅਮੋਲਕ ਮਨੁਖਾ ਦੇਹ ਵੀ ਨਿਕੰਮੀ ਹੈ :-

ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥੬॥

(iii) ਹਰੀ ਦੀ ਲਿਵ ਲਗਣ ਨਾਲ ਜੀਵਨ ਵਿਚ ਸਾਵਧਾਨੀ ਬਣੀ ਰਹਿੰਦੀ ਹੈ ਤੇ ਇੰਜ ਹੀ ਤੱਤ ਵਸਤੂ ਦੀ ਪ੍ਰਾਪਤੀ ਸੰਭਵ ਹੈ :-

ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥

(iv) ਲਿਵ ਦੀ ਬਰਕਤ ਨਾਲ ਕਦੀ ਕੋਈ ਸੰਤਾਪ ਪੋਹ ਨਹੀਂ ਸਕਦਾ :-

ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ॥੨੮॥

(v) ਗੁਰੂ ਦੀ ਕਿਰਪਾ ਦੁਆਰਾ ਹੀ ਸਚੀ ਲਿਵ ਲਗਦੀ ਹੈ। ਜੇ ਲਿਵ ਲਗ ਜਾਏ ਤਾਂ ਮੋਹਣੀ-ਮਾਇਆ ਵਿਚ ਵਿਚਰਦਿਆਂ ਇਸ ਤੋਂ ਨਿਰਲੇਪ ਰਹਿ ਕੇ ਪ੍ਰਭੂ-ਪ੍ਰਾਪਤੀ ਹੋ ਜਾਂਦੀ ਹੈ :-

ਕਹੈ ਨਾਨਕੁ ਗੁਰ ਪਰਸ਼ਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥੨੯॥


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ੧੦ ਚਿਤਰ,੨੭੨ ਪੰਨੇ, ਸੁੰਦਰ ਦੱਖ)੧੦-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੧-੫੦ |
| ਖ਼ਾਲਸਾ ਰਹਿਤ ਮਰਯਾਦਾ (ਟਰੈਕਟ) | ੨-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ ,, | ੦-੫੦ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੈ ਨਿਆਰਾ ,, | ੦-੭੫ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੫੦ |


www.AKJ.Org

# ਸਿਖ ਕਰਨ ਤਾਂ ਕੀ ਕਰਨ ?

[ਭਾਈ ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਪੰਜਾਬ ਨੂੰ ਗੁਰੂਆਂ ਦੀ ਧਰਤੀ ਕਿਹਾ ਜਾਂਦਾ ਸੀ। ਇਸ ਪੰਜ ਦਰਿਆਵਾਂ ਵਾਲੇ ਪੰਜਾਬ ਦੇ ੨੯ ਜ਼ਿਲੇ ਸਨ, ਜਿਨ੍ਹਾਂ ਵਿਚ ਸਿਖ ਹਿੰਦੂ ਮੁਸਲਮਾਨ ਰਲ-ਵਸਦੇ ਅਤੇ ਇਕ ਦੂਜੇ ਦੇ ਦੁਖ ਸੁਖ ਦੇ ਭਾਈਵਾਲ ਸਨ। ਗੁਰੂ ਨਾਨਕ ਇਨ੍ਹਾਂ ਸਭ ਦਾ ਸਾਝਾ ਸੀ, ਮੁਸਲਮਾਨ ਦਾ ਪੀਰ ਅਤੇ ਹਿੰਦੂ ਸਿਖ ਦਾ ਗੁਰੂ ਸੀ, ਜਿਸ ਦੀ ਗਵਾਹੀ ਦੇ ਰਹੇ ਹਨ ਰਾਵੀ ਪਾਰ ਕਰਤਾਰਪੁਰ ਅੰਦਰ ਗੁਰੂ ਨਾਨਕ ਦੀ ਯਾਦ ਵਿਚ ਨਾਲੋ ਨਾਲ ਇਕ ਥਾਂ ਤੇ ਬਣੇ ਦੇਹੁਰਾ ਤੇ ਮਕਬਰਾ। ਪਰ ਕਿਸੇ ਚੰਦਰੇ ਦੀ ਭ੍ਰਿਸ਼ਟੀ ਹੋਈ ਨਜ਼ਰ ਨੇ ਇਸ ਸੁਖੀ ਤੇ ਘੁਘ ਵਸਦੇ ਪੰਜਾਬ ਨੂੰ ਲੀਰੋ ਲੀਰ ਕਰਨ ਦੇ ਰਾਹੇ ਪਾਇਆ। ਪਹਿਲੇ ਮੁਸਲਮ ਪੰਜਾਬ ਤੇ ਹਿੰਦੂ ਸਿਖ ਪੰਜਾਬ ਬਣੇ, ਪਰ ਪੰਜ਼ਾਬ-ਦੋਖੀਆਂ ਦੀ ਇਸ ਨਾਲ ਤ੍ਰਿਪਤੀ ਨਾ ਹੋਈ।

ਇਸ ਦੇ ੨੯ ਜ਼ਿਲਿਆਂ ਵਿਚੋਂ ੧੫ ਦਾ ਮੁਸਲਮ ਪੰਜਾਬ ਪਹਿਲੋਂ ਹੀ ਬਣ ਚੁਕਾ ਸੀ। ਫਿਰ ਹੁਣ ਰਹਿੰਦੇ ੧੪ ਜ਼ਿਲਿਆਂ ਨੂੰ ਤਿੰਨ ਥਾਈਂ ਕਰਕੇ ਹਿੰਦੂ-ਪੰਜਾਬ (ਹਰਿਆਣਾ), ਪਹਾੜੀ-ਪੰਜਾਬ (ਹਿਮਾਚਲ), ਅਤੇ ਸਿਖ-ਪੰਜਾਬ ਕੀਤੇ ਗਏ। ਅਤੇ ਜਿਸ ਧਰਤੀ ਨੂੰ ਹੁਣ ਪੰਜਾਬ ਕਿਹਾ ਗਿਆ, ਉਹ ੨੯ ਵਿਚੋਂ ਕੇਵਲ ੬ ਜ਼ਿਲਿਆਂ ਦਾ ਪੰਜਾਬ ਹੈ, ਜਿਸ ਵਿਚ ਹਿੰਦੂ ਤੇ ਸਿਖਾਂ ਦੀ ਕਰੀਬਨ ਸਾਂਝੀ ਵਸੋਂ ਹੈ।

ਲਖੂਖਹਾਂ ਸਿਖ, ਜੋ ਪਹਿਲੋਂ ਹੀ ਹਰਿਆਣਾ ਤੇ ਹਿਮਾਚਲ ਕਹੇ ਜਾਂਦੇ ਇਲਾਕਿਆਂ ਵਿਚ ਆਬਾਦ ਸਨ ਜਾਂ ਜੋ ਪੱਛਮੀ (ਮੁਸਲਮਾਨ) ਪੰਜਾਬ ਤੋਂ ਉਜੜ ਕੇ ਇਨ੍ਹਾਂ ਵਿਚ ਆ ਵਸੇ ਸਨ, ਉਨ੍ਹਾਂ ਨਵੇਂ ਬਣੇ ਦੋ ਸੂਬਿਆਂ ਦੇ ਪੱਕੇ ਵਸਨੀਕ ਹੋ ਗਏ। ਇਸ ਤੋਂ ਇਲਾਵਾ ਬਹੁਤ ਸਾਰੇ ਸਿਖ ਸਨ, ਜੋ ਪਾਕਿਸਤਾਨੀ ਪੰਜਾਬ ਤੋਂ ਉਜੜ ਕੇ ਯੂ. ਪੀ., ਰਾਜਿਸਥਾਨ ਅਤੇ ਦਿੱਲੀ, ਕਾਨਪੁਰ, ਬੰਬਈ, ਕਲਕੱਤਾ ਆਦਿ ਵਡੇ ਸ਼ਹਿਰਾਂ ਵਿਚ ਜਾ ਵਸੇ ਸਨ। ਸਿਖ, ਜਿਨ੍ਹਾਂ ਦੀ ਦੇਸ ਅੰਦਰ ਸਾਰੀ ਵਸੋਂ ਕੇਵਲ ਡੇਢ ਫ਼ੀ ਸਦੀ ਸੀ, ਇਉਂ ਵੰਡੇ ਤੇ ਖਿੰਡਾਏ ਗਏ, ਜਿਵੇਂ ਕਿਸਾਨ ਬੀਜ ਖਿਲਾਰ ਦੇਂਦਾ ਹੈ।

ਇਸ ਤੋਂ ਭੀ ਜ਼ਿਆਦਾ ਘਿਣਾਉਣੀ ਦਸ਼ਾ ੬ ਜ਼ਿਲਿਆਂ ਦੇ ਪੰਜਾਬ ਤੋਂ ਬਾਹਰ ਜਾ ਵਸੇ ਸਿੱਖਾਂ ਦੀ ਇਸ ਗੱਲ ਨੇ ਕਰ ਦਿਤੀ ਕਿ ਉਨ੍ਹਾਂ ਦੀ ਮਾਦਰੀ ਭਾਸ਼ਾ ਪੰਜਾਬੀ, ਜਿਸ ਵਿਚ ਉਨ੍ਹਾਂ ਦਾ ਧਰਮ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਹੈ, ਦਾ ਲਿਖਣਾ ਪੜ੍ਹਨਾ ਉਨ੍ਹਾਂ ਲਈ ਉੱਕਾ ਹੀ ਖ਼ਤਮ ਹੋ ਗਿਆ, ਕਿਉਂਕਿ ਨਵੇਂ ਬਣੇ ਸੂਬਿਆਂ—ਹਰਿਆਣਾ ਤੇ ਹਿਮਾਚਲ ਵਿਚ ਪੰਜਾਬੀ ਭਾਸ਼ਾ ਦਾ ਪੜ੍ਹਨਾ ਪੜ੍ਹਾਉਣਾ ਬੰਦ ਹੋ ਗਿਆ। ਬਲਕਿ ਮੌਜੂਦਾ ਪੰਜਾਬ ਤੋਂ ਬਾਹਰ ਪੰਜਾਬੀ ਨਾਲ ਹਰ ਜਗ੍ਹਾ ਇਹੋ ਸਲੂਕ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੇ ਪੜ੍ਹਨ ਸੁਨਣ ਤੋਂ ਵਾਂਜੇ ਜਾਣ ਕਰਕੇ ਲੱਗ ਪਗ ਅੱਧੀ ਸਿਖ ਜਨਤਾ ਆਪਣੇ ਧਰਮ ਤੋਂ ਭੀ ਲਾਂਭੇ ਕੀਤੀ ਗਈ ਹੈ।......

ਫਿਰ ਦੇਸ਼ ਦੀ ਗਣ-ਤੰਤਰੀ (democratic) ਸਰਕਾਰ ਨੇ, ਜਿਸ ਵਿਚ ੮੨ ਫ਼ੀ ਸਦੀ ਨੁਮਾਇੰਦਗੀ ਇਕ ਕੌਮ ਦੇ ਬੰਦਿਆਂ ਦੀ ਹੈ, ਅਤੇ ਰਹਿੰਦੇ ੧੮ ਫ਼ੀ ਸਦੀ ਵਿਚ ਵੀ ਸਿਖ ਕੇਵਲ ੧.੮ (ਪੌਣੇ ਦੋ) ਫ਼ੀ ਸਦੀ ਹਨ, ਸਿੱਖਾਂ ਦੀ ਆਵਾਜ਼ ਉੱਕਾ ਹੀ ਨ ਹੋਣ ਦੇ ਬਰਾਬਰ ਕਰ ਦਿਤੀ ਹੈ। ਅਤੇ ਉਨ੍ਹਾਂ ਨੇ ਆਪਣੀ ਅਤਿ ਵੱਡੀ ਬਹੁ-ਸੰਮਤੀ ਦੇ ਤਾਣ ਦੇ ਵਿਧਾਨ ਅੰਦਰ ਇਹ ਦਰਜ ਕਰ ਦਿਤਾ ਹੈ ਕਿ ਬੋਧੀਆਂ ਤੇ ਜੈਨੀਆਂ ਵਾਂਗ ਸਿਖ ਹਿੰਦੂ ਦੀ ਹੀ ਇਕ ਸੰਪਰਦਾ ਹਨ ਅਤੇ ਬਾਵਜੂਦ ਇਸ ਗੱਲ ਦੇ ਕਿ ਸਿਖ ਦਾ ਧਰਮ-ਵਿਸ਼ਵਾਸ, ਸਿਖ ਦਾ ਸਰੂਪ, ਸਿਖ ਦੀ ਸਮੁਚੀ ਰਹਿਣੀ ਬਹਿਣੀ ਬਹੁ-ਗਿਣਤੀ ਸਮਾਜ ਤੋਂ ਬਿਲਕੁਲ ਨਿਆਰੇ ਹਨ, ਸਿਖ ਦੀ ਵਖਰੀ ਕੌਮੀਅਤ ਮੰਨਣ ਤੋਂ ਹੀ ਇਨਕਾਰ ਕਰ ਦਿਤਾ ਹੈ। ਜਿਸ ਅਡਰੀ ਹੋਂਦ ਨੂੰ ਸਿੱਖੀ ਦੇ ਜਨਮ-ਕਾਲ ਤੋਂ ਹੀ ਦੇਸ਼ ਦੀਆਂ ਸਾਰੀਆਂ ਹਕੂਮਤਾਂ ਮੁਗ਼ਲ ਪਠਾਣ ਅੰਗਰੇਜ਼ ਇਕ-ਆਵਾਜ਼ ਮੰਨਦੇ ਆਏ ਸਨ, ਬਲਕਿ ਜਿਸ ਦੇ ਇਕ ਨਿਆਰੀ ਕੌਮ ਹੋਣ ਨੂੰ ਮਹਾਤਮ ਗਾਂਧੀ, ਪੰਡਤ ਨਹਿਰੂ ਅਤੇ ਪੰਡਤ ਮਾਲਵੀਆ ਜੈਸੇ ਏਹਨਾਂ ਦੇ ਹੀ ਵਡੇ-ਵਡੇਰੇ ਤਸਲੀਮ ਕਰਦੇ ਅਤੇ ਦੇਸ਼ ਆਜ਼ਾਦ



www.AKJ.Org

ਹੋਣ ਤੇ ਸਿੱਖਾਂ ਨੂੰ ਵਿਸ਼ੇਸ਼ ਹੱਕ ਹਕੂਕ ਦੇਣ ਲਈ ਸਹੁੰਆਂ-ਸੁਗੰਧਾਂ ਖਾਂਦੇ ਰਹੇ ਸਨ, ਉਨ੍ਹਾਂ ਨੂੰ ਹੁਣ ਵਿਸ਼ੇਸ਼ ਹਕੂਕ, ਜਿਸ ਲਈ ਉਹ ਇਕ ਅਤਿ ਘਟ-ਗਿਣਤੀ (minority) ਕੌਮ ਹੋਣ ਦੇ ਨਾਤੇ ਵੀ ਹੱਕਦਾਰ ਸਨ, ਦੇਣਾ ਤਾਂ ਕੀ, ਦੇਸ਼ ਦੀ ਬਹੁਗਿਣਤ ਵਿਚਾਰਧਾਰਾ ਦੇ ਅਨੁਸਾਰੀ ਹੋ ਤੁਰਨ ਦੇ ਵਾਰ ਵਾਰ ਆਦੇਸ਼ ਦਿਤੇ ਜਾਂਦੇ ਹਨ। ਅਤੇ ਜੇ ਕਿਧਰੇ ਕੋਈ ਸਿਖ ਆਪਣੀ ਅਡਰੀ ਹੋਂਦ ਦੀ ਗੱਲ ਕਰਦਾ ਹੈ ਤਾਂ ਉਸ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਦੁਸ਼ਮਨ ਕਹਿ ਕੇ ਭੰਡਿਆ ਜਾਂਦਾ ਅਤੇ ਉਸ ਦੇ ਨਾਲ ਰਾਜ-ਵਿਦਰੋਹੀ ਵਾਲਾ ਸਲੂਕ ਕੀਤਾ ਜਾਂਦਾ ਹੈ, ਜਿਸ ਦੇ ਫਲ-ਸਰੂਪ ਸਿਖ ਨੌਜਵਾਨ ਸਮੁਚੇ ਤੌਰ ਤੇ ਹੀ ਬਦੇਸ਼ੀਂ ਜਾਂ ਵਸਣ ਦਾ ਰਾਹ ਫੜ ਰਿਹਾ ਹੈ। ਇਹ ਗੱਲ ਬੀਤੇ ਕੁਝ ਸਾਲਾਂ ਅੰਦਰ ਪਰਦੇਸੀਂ ਗਏ ਸਿਖਾਂ ਦੇ ਅੰਕੜਿਆਂ ਤੋਂ ਸਪਸ਼ਟ ਹੈ। ਅਤੇ ਜਿਹੜੇ ਬਾਹਰ ਨਹੀਂ ਜਾ ਸਕੇ ਉਨ੍ਹਾਂ ਵਿਚੋਂ ਬਹੁਤ ਸਾਰੇ ਸਿੱਖੀ ਅਤੇ ਸਿਖ ਸਰੂਪ ਵਲੋਂ ਮੂੰਹ ਮੋੜ ਰਹੇ ਹਨ।

ਦੇਸ਼ ਦੀ ਹਕੂਮਤ ਅਤੇ ਬਹੁਗਿਣਤ ਸਮਾਜ ਦਾ ਸਿੱਖਾਂ ਪ੍ਰਤੀ ਅਜਿਹਾ ਵਰਤਾਉ ਕਾਫੀ ਚਿੰਤਾਜਨਕ ਹੈ, ਜਿਸ ਦੇ ਲਈ ਸਿੱਖੀ ਦੀਆਂ ਮੁਢਲੀ ਜਥੇ-ਬੰਦੀਆਂ, ਸਭਾਵਾਂ ਅਤੇ ਵਿਸ਼ੇਸ਼ ਕਰਕੇ ਕਹੇ ਜਾਂਦੇ ਸਿਖ ਲੀਡਰਾਂ ਨੂੰ ਚੁਕੰਨੇ ਹੋਣ ਦੀ ਲੋੜ ਹੈ। ਪਰ ਲੀਡਰ ਵੀ ਕੀ ਕਰਨਗੇ ਜਿਨ੍ਹਾਂ ਸਾਰਿਆਂ ਨੇ ਆਪੋ ਆਪਣੇ ਧੜੇ ਅੰਕੇ ਹੋਏ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਉਨ੍ਹਾਂ ਨੇ ਆਪੋ ਆਪਣੀ ਕੁਰਸੀ ਸੰਭਾਲੀ ਹੋਈ ਹੈ ਅਤੇ ਜਿਨ੍ਹਾਂ ਨੂੰ ਹਮੇਸ਼ਾ ਇਹ ਚਿੰਤਾ ਰਹਿੰਦੀ ਹੈ ਕਿ ਕੋਈ ਉਨ੍ਹਾਂ ਹੇਠੋਂ ਕੁਰਸੀ ਨਾ ਖਿਚ ਲਵੇ।

ਐਸੀ ਹਾਲਤ ਅੰਦਰ ਜਦੋਂ ਬਹੁਗਿਣਤ ਸਮਾਜ ਸਾਨੂੰ ਆਪਣੇ ਅੰਦਰ ਸਮੋ (ਜਜ਼ਬ ਕਰ) ਲੈਣ ਲਈ ਬੇਤਾਬ ਹੈ ਤੇ ਇਸ ਪਰਥਾਇ ਆਏ ਦਿਨ ਨਿਰਾ ਕੋਈ ਨਵਾਂ ਸ਼ੋਸ਼ਾ ਹੀ ਨਹੀਂ ਛਡਿਆ ਜਾਂਦਾ, ਬਲਕਿ ਸਾਡੇ ਥੋੜਾ ਬਹੁਤ ਹਿਲਦੇ ਜੁਲਦੇ ਕਹੇ ਜਾਂਦੇ ਲੀਡਰਾਂ ਨੂੰ ਖ਼ਰੀਦ ਲੈਣ ਵਿਚ ਵੀ ਉਨ੍ਹਾਂ ਕੋਈ ਕਸਰ ਨਹੀਂ ਰਹਿਣ ਦਿਤੀ। ਜਦੋਂ ਦੇਸ਼ ਦੀ ਹਕੂਮਤ ਸਾਨੂੰ ਵਖਵਾਦੀ (Secessionist) ਕਹਿੰਦੀ ਅਤੇ ਸਾਡੇ ਮੁਖੀਆਂ ਦੀ ਆਪਸੀ ਖਿਚ-ਧਰੂਹ ਸਾਨੂੰ ਕਿਸੇ ਤਿੰਨ ਪੱਤਣ ਨਹੀਂ ਲੱਗਣ ਦੇਂਦੀ ਤਾਂ ਸਿਖ ਕਰਨ ਤੇ ਕੀ ਕਰਨ ? ਸਵਾਲ ਵਡਾ ਅਹਿਮ ਹੈ ਅਤੇ ਜਵਾਬ ਨਜ਼ਰ ਨਹੀਂ ਪੈਂਦਾ। ਫਿਰ ਵੀ ਸੋਚਣ ਦੀ ਲੋੜ ਹੈ ਕਿ ਸਿਖ ਕੀ ਕਰਨ ? ['ਜਾਗੋ ਜਾਗੋ ਸੁਤਿਓ' ਟ੍ਰੈਕਟ ਵਿਚੋਂ]

## ਕਿਉਂ ਸੁੱਤਾ ਲੰਮੀਆਂ ਤਾਣ ?

[ਸ: ਸੰਤਾ ਸਿੰਘ ਜੀ ਆਜਿਜ਼, ਲੁਧਿਆਣਾ]

ਉਠ ਜਾਗ ਹੁਣ ਆਜਿਜ਼ ਗ਼ਾਫ਼ਲਾ, ਕਿਉਂ ਸੁੱਤਾ ਲੰਮੀਆਂ ਤਾਣ ?
ਪਹੁ ਫੁੱਟੀ ਤੇ ਦਿਨ ਚੜ੍ਹ ਰਿਹਾ, ਰੋਸ਼ਨ ਹੋ ਰਿਹਾ ਜਹਾਨ।
ਪੰਛੀ ਵੀ ਬੋਲਣ ਬੋਲੀਆਂ, ਉਸ ਕਰਤੇ ਦੇ ਗੁਣ ਗਾਣ।
ਉਠ ਅੰਮ੍ਰਿਤ ਵੇਲਾ ਵਿਹਾ ਗਿਆ, ਇਹ ਵੇਲਾ ਸਵਰਗ ਸਮਾਨ।
ਉਠ ਬੈਠੇ ਧਰਮੀ ਜੀਉੜੇ, ਫ਼ਾਰਗ ਹੋਏ ਕਰ ਇਸ਼ਨਾਨ।
ਧਿਆ ਆਪਣੇ ਇਸ਼ਟ ਨੂੰ, ਜੁੜ ਬੈਠੇ ਲਾਇ ਧਿਆਨ।
ਉਹ ਪੰਡਤ ਟੱਲ ਖੜਕਾਂਵਦਾ, ਉਹ ਮੁੱਲਾਂ ਦਏ ਅਜ਼ਾਨ।
ਉਹ ਭਾਈ ਨੇ ਸੰਖ ਪੂਰਿਆ, ਜਪ ਕੇ ਸਤਿਗੁਰ ਦਾ ਨਾਮ।
ਕੁਝ ਹਿੰਦੂ ਗੀਤਾ ਪੜ੍ਹ ਰਹੇ, ਕੁਝ ਮੋਮਨ ਪੜ੍ਹਨ ਕੁਰਆਨ।
ਸਿਖ ਪੜ੍ਹਦੇ ਗੁਰੂ ਗ੍ਰੰਥ ਸਾਹਿਬ, ਲੈ ਕੇ ਗੁਰ-ਫ਼ੁਰਮਾਨ।
ਕੁਝ ਭੈਣਾਂ ਕਰਮਾਂ ਵਾਲੀਆਂ, ਮੰਦਰ ਗੁਰਦੁਆਰੇ ਜਾਣ।
ਜ਼ਿਕ੍ਰ-ਪ੍ਰਭੂ ਵਿਚ ਰੱਤੀਆਂ, ਚਿਤ ਸਤਿਗੁਰ ਚਰਨੀਂ ਲਾਣ।
ਤੂੰ ਸੁੱਤਾ ਸਮਾਂ ਵਿਹਾ ਰਿਹਾ, ਤੂੰ ਮੂਰਖ, ਤੂੰ ਅਣਜਾਣ।
ਜੋ ਸਮੇਂ ਦੀ ਚਾਲੋਂ ਥਿੜਕਦਾ, ਉਹਦਾ ਮਿਟਦਾ ਨਾਮ ਨਿਸ਼ਾਨ।
ਉਠ ਫ਼ਾਰਗ ਹੋ ਨਿਤ-ਕਰਮ ਤੋਂ, ਸਤਿਸੰਗਤ ਕਰ ਨਾਦਾਨ।
ਕਰ ਸੇਵਾ-ਸਿਮਰਨ ਗ਼ਾਫ਼ਲਾ, ਤੇਰਾ ਹੋ ਜਾਵੇ ਕਲਿਆਨ।
ਛੱਕ ਅੰਮ੍ਰਿਤ ਖੰਡੇ-ਧਾਰ ਦਾ, ਸੱਜ ਸਿੰਘ ਸੂਰਾ ਬਲਵਾਨ।
ਗੁਰੂ ਵਾਲੇ ਨੂੰ ਗੁਰੁ ਬਹੁੜਦਾ, ਨਿਗੁਰੇ ਨੂੰ ਜਮ ਦਾ ਡਾਨ।



www.AKJ.Org

# ਸੂਰਬੀਰ ਬੀਬੀ ਜੋਗਿੰਦਰ ਕੌਰ ਦੀ ਦਲੇਰੀ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਨੋਟ —'ਰੰਗਲੇ ਸੱਜਣ'' ਪੁਸਤਕ ਵਿਚ 'ਸ੍ਰੀ ਬੀਬੀ ਜੋਗਿੰਦਰ ਕੌਰ' ਦੀ ਜੀਵਨੀ ਦਿਤੀ ਹੋਈ ਹੈ। ਉਸ ਵਿਚੋਂ 'ਚਮਕੌਰ ਸਹਿਬ ਪਰ ਪੰਥਕ ਕਬਜ਼ਾ' ਪਹਿਲਾਂ 'ਸੂਰਾ' ਦੇ ਪਾਠਕਾਂ ਦੇ ਪੇਸ਼ ਕੀਤਾ ਜਾ ਚੁਕਾ ਹੈ, ਜਿਸ ਵਿਚ ਦਸਿਆ ਗਿਆ ਸੀ ਕਿ ਉਸ ਸਮੇਂ ਸ਼ੇਰ-ਦਿਲ ਦਲੇਰ ਦੁਮਾਲੜੇ ਵਾਲੇ ਇਸ ਬੀਬੀ ਦੇ ਚਿਹਰੇ ਦੀ ਝਾਲ ਨਹੀਂ ਸੀ ਝਲੀ ਜਾਂਦੀ। ਜਦੋਂ ਇਕ ਡੀਲ-ਡੌਲ ਵਾਲੇ ਨਿਹੰਗ ਸਿੰਘ ਦੇ ਚਲਾਏ ਤੀਰ ਨਾਲ ਇਕ ਸਿੰਘ ਦਾ ਹੱਥ ਖ਼ੂਨੋ ਖ਼ੂਨ ਹੋ ਗਿਆ ਤਾਂ ਉਸ ਸਮੇਂ ਇਸ ਸ਼ੇਰਨੀ ਬੀਬੀ ਦੀ ਸੂਰਮਗਤੀ ਦੇਖਣ ਵਾਲੀ ਸੀ।

ਹੁਣ ਇਸੇ ਜੀਵਨੀ ਵਿਚੋਂ ਇਕ ਹੋਰ ਘਟਨਾ ਹੇਠਾਂ ਦਿਤੀ ਜਾ ਰਹੀ ਹੈ। —ਸੰਪਾਦਕ

ਜਦੋਂ ੧੯੧੫ ਵਿਚ ਜਥੇ ਦੇ ਉਘੇ ਉਘੇ ਮੁਰੈਹਲੀ ਸਿੰਘ ਲਾਹੌਰ ਸਾਜ਼ਸ਼ ਕੇਸ ਵਿਚ ਗ੍ਰਿਫ਼ਤਾਰ ਕੀਤੇ ਗਏ ਅਤੇ ਇਸ ਬੀਬੀ ਜੀ (ਜੋਗਿੰਦਰ ਕੌਰ) ਜੀ ਦੇ ਪਤੀ ਭਾਈ ਸੁਰਜਨ ਸਿੰਘ ਜੀ ਦੇ ਗ੍ਰਿਫ਼ਤਾਰੀ ਵਾਰੰਟ ਵੀ ਨਿਕਲ ਗਏ, ਤਾਂ ਪੁਲਸ ਕਰਮਚਾਰੀ ਚੜ੍ਹ ਕੇ ਪਿੰਡ ਗੁਜਰਵਾਲ ਵਿਖੇ ਭਾਈ ਸੁਰਜਨ ਸਿੰਘ ਦੀ ਤਲਾਸ਼ੀ ਲੈਣ ਆਏ। ਭਾਈ ਸੁਰਜਨ ਸਿੰਘ ਜੀ ਉਸ ਵਕਤ ਘਰ ਨਹੀਂ ਸਨ। ਬੀਬੀ ਜੋਗਿੰਦਰ ਕੌਰ ਆਪਣੇ ਘਰ, ਬਾਹਰ ਦੇ ਬੂਹੇ ਨੂੰ ਜੰਦਾ ਲਾ ਕੇ, ਪੁਲਸ ਆਉਂਦੀ ਨੂੰ ਸ਼ੇਰਨੀ ਵਾਂਗੂ ਡਟ ਕੇ ਬੂਹੇ ਅਗੇ ਖਲੋ ਗਈ ਅਤੇ ਪੁਲਸ ਕਰਮਚਾਰੀਆਂ ਨੂੰ ਵੰਗਾਰ ਕੇ ਕਿਹਾ—''ਤੁਸੀਂ ਮੇਰੇ ਪਤੀ ਦੇ ਘਰ ਆਏ ਬਿਨਾਂ ਤਲਾਸ਼ੀ ਨਹੀਂ ਲੈ ਸਕਦੇ। ਖ਼ਬਰਦਾਰ ! ਦੂਰ ਖੜੇ ਹੋ ਜਾਓ ! ਨੇੜੇ ਨਹੀਂ ਆਉਣਾ, ਨਹੀਂ ਤਾਂ ਕੋਈ ਸਾਕਾ ਵਰਤ ਜਾਏਗਾ।''

ਸੀਸ ਤੇ ਸਜੀ ਨੀਲੀ ਦਸਤਾਰ ਨਾਲ ਕਿਰਪਾਨ ਹੱਥ ਵਿਚ ਲੈ ਕੇ ਬੀਬੀ ਹੋਰੀਂ ਬੜੇ ਜਲਾਲ ਵਿਚ ਖੜੇ ਝੂਮ ਰਹੇ ਸਨ, ਦੇਖ ਕੇ ਪੁਲਸ ਵਾਲਿਆਂ ਦਾ ਹੀਆ ਨਹੀਂ ਪਿਆ ਕਿ ਅਗੇ ਵਧ ਸਕਣ, ਕਾਨੂੰਨਨ ਭੀ ਉਹ ਘਰ ਦੇ ਮਰਦ ਦੀ ਗ਼ੈਰਹਾਜ਼ਰੀ ਵਿਚ ਤਲਾਸ਼ੀ ਨਹੀਂ ਲੈ ਸਕਦੇ ਸਨ। ਪਰ ਕਾਨੂੰਨ ਨੂੰ ਓਦੋਂ ਕੌਣ ਪੁਛਦਾ ਸੀ ? ਹੁਣ ਭੀ ਪੁਲਸ ਵਾਲੇ ਕਾਨੂੰਨ ਦੀ ਪਰਵਾਹ ਨਹੀਂ ਕਰਦੇ। ਸਿਰਫ ਬੀਬੀ ਜੋਗਿੰਦਰ ਕੌਰ ਦਾ ਦਲੇਰਾਨਾ ਚੈਲੰਜ ਸੀ ਜਿਸ ਨੇ ਪੁਲਸ ਵਾਲਿਆਂ ਦੇ ਛੱਕੇ ਛੁੜਾ ਦਿਤੇ। ਨਹੀਂ ਤਾਂ ਹੋਰਨੀਂ ਥਾਵੀਂ ਪੁਲਸ ਵਾਲੇ ਕਈਆਂ ਘਰਾਂ ਦੀ ਤਲਾਸ਼ੀ ਲੈ ਚੁਕੇ ਸਨ ਅਤੇ ਘਰ ਦੇ ਮਾਲਕ ਦੀ ਅਦਮ-ਮੌਜੂਦਗੀ ਵਿਚ ਉਨ੍ਹਾਂ ਦੇ ਘਰ ਦੀਆਂ ਤਲਾਸ਼ੀਆਂ ਲਈਆਂ। ਇਹ ਸਿਰਫ਼ ਬੀਬੀ ਜੋਗਿੰਦਰ ਕੌਰ ਜੀ ਸਾਰਖੀਆਂ ਸਿੰਘਣੀਆਂ ਦੇ ਸੀਸ ਤੇ ਸਿਹਰਾ ਰਿਹਾ ਕਿ ਦੂ-ਬਦੂ ਹੋ ਕੇ ਪੁਲਸੀ ਜਰਵਾਣਿਆਂ ਦੇ ਪੇਸ਼ ਆਈ ਤਾਂ, ਪੁਲਸ ਦੇ ਮੂੰਹ ਮੋੜ ਦਿਤੇ।

ਸ੍ਰੀ ਬੀਬੀ ਜੋਗਿੰਦਰ ਕੌਰ ਪ੍ਰਮਾਰਥੀ ਡਲ੍ਹਕਦੇ ਅਤੇ ਛਲਕਦੇ ਪ੍ਰੇਮ ਪਿਆਰ ਦਾ ਇਕ ਨਮੂਨਾ ਸਨ ਅਤੇ ਪ੍ਰੇਮ ਬੈਰਾਗ ਦੀ ਅਵਧੀ ਸਨ, ਕਿਉਂਕਿ ਨਾਮ ਦੀਆਂ ਚੜ੍ਹਦੀਆਂ ਕਲਾਂ ਵਿਚ ਚੜ੍ਹਨ ਵਾਲੀ ਇਕ ਅਲੌਕਿਕ ਰੂੜ੍ਹੀ ਰੂਹ ਸੀ। ਜਦੋਂ ਸ੍ਰੀ ਬੀਬੀ ਜੀ ਨੂੰ ਪਤਾ ਲਗਿਆ ਕਿ ਜਥੇ ਦੇ ਸਿੰਘ ਗ੍ਰਿਫ਼ਤਾਰ ਹੋਈ ਜਾਂਦੇ ਹਨ ਤਾਂ ਇਹਨਾਂ (ਬੀਬੀ ਜੀ) ਦੇ ਚਿਤ ਵਿਚ ਉਤਸ਼ਾਹ ਵਲਵਲਾ ਉਠਿਆ ਕਿ ਮੈਂ ਵੀ ਸਿੰਘ ਵੀਰਾਂ ਦੇ ਨਾਲ ਜਾ ਕੇ ਗ੍ਰਿਫ਼ਤਾਰ ਹੋ ਜਾਵਾਂ। ਭਾਈ ਸੁਰਜਨ ਸਿੰਘ ਜੀ (ਇਸ ਬੀਬੀ ਦੇ ਪਤੀ) ਚਾਹੇ ਗ੍ਰਿਫ਼ਤਾਰ ਨਹੀਂ ਹੋਏ ਸਨ, ਪਰ ਬਾਹਰ ਕਿਤੇ ਰਬੂ ਚੱਕਰ ਸਨ। ਉਹਨਾਂ ਦੇ ਘਰ ਆਇਆਂ ਬਿਨਾਂ ਉਹ ਆਪਣੇ ਇਸ ਵਲਵਲੇ ਵਾਲੇ ਉਤਸ਼ਾਹ ਨੂੰ ਸਿਰੇ ਚਾੜ੍ਹਨ ਲਈ ਅਸਮਰਥ ਸਨ। ਗੋਰਾ-ਸ਼ਾਹੀ ਜ਼ੁਲਮੀ ਕਰਤੂਤਾਂ ਨੂੰ ਸੁਣ ਸੁਣ ਕੇ (ਜੋ ਸਿੰਘਾਂ ਨਾਲ ਵਰਤੇ ਗਏ) ਸ੍ਰੀ ਬੀਬੀ ਜੀ ਦੇ ਚਿਤ ਦੀਆਂ ਲਹਿਰਾਂ ਦੂਣ ਸਵਾਈਆਂ ਹੋ ਰਹੀਆਂ ਸਨ, ਇਕ ਲਹਿਰ ਉਤਰਦੀ ਸੀ ਦੂਜੀ ਚੜ੍ਹਦੀ ਸੀ।

ਅਸੀਂ ਸਾਰੇ ਜੇਲ੍ਹਾਂ ਵਿਚ ਜਾ ਚੁਕੇ ਸੀ, ਸਿਰੀ ਭਾਈ ਸੁਰਜਨ ਸਿੰਘ ਜੀ ਅਜੇ ਬਾਹਰ ਹੀ ਵਿਚਰ ਰਹੇ ਸਨ। ਵਿਚਰਦੇ ਵਿਚਰਦੇ ਇਕ ਦਿਨ ਜਦੋਂ ਘਰ ਆਏ, ਆਉਂਦਿਆਂ ਨੂੰ ਹੀ ਸ਼ੇਰ-ਦਿਲ ਸੁਪਤਨੀ ਨੇ ਆਪਣੇ ਪਤੀ ਜੀ ਨੂੰ ਆਖਿਆ, ''ਚਲੋ ਆਪਾਂ ਵੀ ਵੀਰਾਂ ਦੇ ਨਾਲ ਜੇਲ੍ਹ ਵਿਚ ਚਲੀਏ, ਅਸੀਂ ਬਾਹਰ ਰਹਿ ਕੇ ਕੀ ਲੈਣਾ ਹੈ ?'' ਵੀਰ ਸੁਰਜਨ ਸਿੰਘ ਨੇ ਬੜਾ ਹੀ ਜ਼ੋਰ ਤਾਣ ਲਾ ਕੇ ਮਸੇ ਮਸੇ ਆਪਣੀ ਸੁਪਤਨੀ ਬੀਬੀ ਜੋਗਿੰਦਰ ਕੌਰ ਜੀ ਨੂੰ



www.AKJ.Org

ਵਰਜਿਆ। ਪਰੰਤੂ ਆਪ ਖ਼ੁਦ ਹੀ ਜੇਲ੍ਹ ਨਮਿਤ ਆ ਹਾਜ਼ਰ ਹੋਏ। ਇਹ ਸਭ ਬੀਬੀ ਜੀ ਦੀ ਹਲਾਸ਼ੇਰੀ ਦਾ ਹੀ ਸਦਕਾ ਸੀ। ਸਾਡਾ ਮੁਕੱਦਮਾ ਓਦੋਂ ਲਾਹੌਰ ਜੇਲ੍ਹ ਵਿਚ ਹੀ ਚਲ ਰਿਹਾ ਸੀ। ਜੇਲ੍ਹ ਵਿਚ ਹੀ ਖ਼ਾਸ ਅਦਾਲਤ ਬਣਾਈ ਗਈ ਸੀ ਅਤੇ ਤਿੰਨ ਜੱਜ ਮੁਕੱਦਮੇ ਦਾ ਫ਼ੈਸਲਾ ਕਰਨ ਲਈ ਮੁਕੱਰਰ ਸਨ, ਜਿਨ੍ਹਾਂ ਵਿਚੋਂ ਦੋ ਕਟੜ ਤੇ ਮੁਤੱਸਬੀ ਗੋਰੇ ਸਨ। ਇਕ ਝੋਲੀ-ਚੁਕ ਦੇਸੀ ਜੱਜ ਸੀ। ਅੰਦਰ ਜੇਲ੍ਹ ਦੇ ਅਦਾਲਤ ਲਗ ਰਹੀ ਸੀ ਅਤੇ ਬਾਹਰ ਜੇਲ੍ਹ ਦੇ ਚਾਰ ਚੁਫੇਰੇ ਪਹਿਰੇ ਲਗੇ ਹੋਏ ਸੀ ਕਿ ਅਚਾਨਕ ਹੀ ਜੇਲ੍ਹ ਦੇ ਦਰੋਗੇ ਅਗੇ ਆਪਣਾ ਆਪ ਆ ਪੇਸ਼ ਕੀਤਾ ਕਿ ਮੈਨੂੰ ਵੀ ਅੰਦਰ ਲੈ ਚਲੋ। ਸਬੱਬ ਨਾਲ ਉਸ ਸਮੇਂ ਜੇਲ੍ਹ ਦਾ ਸੁਪ੍ਰਿੰਟੈਂਡੈਂਟ ਭੀ ਜੇਲ੍ਹ ਦੇ ਬੂਹੇ ਅਗੇ ਆ ਵਿਚਰਿਆ। ਉਸ ਨੇ ਬੜੀ ਹੈਰਾਨਗੀ ਨਾਲ ਭਾਈ ਸੁਰਜਨ ਸਿੰਘ ਨੂੰ ਪੁਛਿਆ–"ਤੂੰ ਕੌਣ ਏਂ ਤੇ ਕਿਉਂ ਆਇਆ ਏਂ ?" ਉਸ ਨੇ ਆਖਿਆ, "ਮੇਰੇ ਨਾਲ ਦੇ ਵੀਰਾਂ ਤੇ ਅੰਦਰ ਮੁਕੱਦਮਾ ਚਲ ਰਿਹਾ ਹੈ, ਮੇਰੇ ਵਰੰਟ ਵੀ ਨਿਕਲੇ ਹੋਏ ਹਨ। ਸੋ ਮੈਨੂੰ ਵੀ ਅੰਦਰ ਲੈ ਚਲੋ। ਪਹਿਲਾਂ ਮੈਨੂੰ ਪਤਾ ਨਹੀਂ ਸੀ, ਜਦੋਂ ਪਤਾ ਹੋਇਆ, ਮੈਂ ਇਧਰ ਨੂੰ ਤੁਰ ਪਿਆ।" ਸੁਪ੍ਰਿੰਟੈਂਡੈਂਟ ਨੇ ਸਵਾਲ ਕੀਤਾ, "ਪਹਿਲੋਂ ਤੈਨੂੰ ਕਿਸੇ ਘਰ ਵਾਲੇ ਨੇ ਵਰਜਿਆ ਨਾ ਕਿ ਤੂੰ ਕਿਥੇ ਜਾਣਾ ਏਂ ?"

ਭਾਈ ਸੁਰਜਨ ਸਿੰਘ–ਮੇਰੇ ਘੋਰ ਹੋਰ ਕੋਈ ਨਹੀਂ ਸਿਵਾਏ ਇਕ ਸਿੰਘਣੀ ਤੋਂ।

ਸੁਪ੍ਰਿੰਟੈਂਡੈਂਟ–ਕੀ ਤੈਨੂੰ ਉਸ ਸਿੰਘਣੀ ਨੇ ਨਾ ਹੋੜਿਆ ?

ਭਾਈ ਸੁਰਜਨ ਸਿੰਘ–ਸਗੋਂ ਉਸ ਨੇ ਹੀ ਮੈਨੂੰ ਜ਼ੋਰ ਦੇ ਕੇ ਆਪਣੀ ਹੱਥੀਂ ਤੋਰਿਆ।

ਜੇਲ੍ਹ ਅਫ਼ਸਰ ਸਾਰੇ ਸੁਣ ਕੇ ਹੈਰਾਨ ਹੋ ਗਏ। ਓਧਰ ਭਾਈ ਸੁਰਜਨ ਸਿੰਘ ਜੀ ਨੂੰ ਜੇਲ੍ਹ ਦੇ ਅੰਦਰ ਸਾਡੇ ਪਾਸ ਲਿਆ ਕੇ ਹਾਜ਼ਰ ਕਰ ਦਿਤਾ। ਸਾਜ਼ਸ਼ ਦੇ ਮੁਕੱਦਮੇ ਭੁਗਤਾਵਣਹਾਰਾ ਬੜਾ ਅਫ਼ਸਰ ਮਿਸਟਰ ਸਕਾਟ ਚਾਹੁੰਦਾ ਸੀ ਕਿ ਹੱਥਕੜੀ ਲਗਾ ਕੇ ਮੁਲਜ਼ਮ ਨੂੰ ਅੰਦਰ ਲਿਜਾਇਆ ਜਾਵੇ, ਪਰ ਜੇਲ੍ਹ ਦੇ ਸੁਪ੍ਰਿੰਟੈਂਡੈਂਟ ਈ. ਐਲ. ਵਾਰਡ ਸਾਹਿਬ ਨੇ ਆਖਿਆ–"ਤੁਹਾਨੂੰ ਖਿਆਲ ਨਹੀਂ ਆਉਂਦਾ, ਜੋ ਮੁਲਜ਼ਮ ਆਪਣੇ ਆਪ ਹਾਜ਼ਰ ਹੋਇਆ ਉਸ ਨੂੰ ਹੱਥਕੜੀ ਲਾ ਕੇ ਸਿਰਫ ਆਪਣੀ ਕਮਜ਼ੋਰੀ ਜ਼ਾਹਿਰ ਕਰ ਰਹੇ ਹੋ ?" ਖ਼ੈਰ ! ਜੋ ਭਾਣੇ ਵਰਤਣੇ ਸੀ, ਵਰਤ ਗਏ। ਸਾਰਿਆਂ ਜਥੇ ਦੇ ਸਿੰਘਾਂ ਨੂੰ ਉਮਰ-ਕੈਦਾਂ ਸੁਣਾਈਆਂ ਗਈਆਂ ਤੇ ਅਸੀਂ ਕੁਝ ਸਿੰਘ ਮੁਲਤਾਨ ਸੈਂਟਰਲ ਜੇਲ੍ਹ ਵਿਚ ਭੇਜੇ ਗਏ। (ਵਿਸਥਾਰ ਪੂਰਬਕ ਹਾਲ ਦੇਖੋ ਜੇਲ੍ਹ ਚਿੱਠੀਆਂ ਵਿਚ)

**ਮੁਲਤਾਨ ਦੀ ਘਟਨਾ–**

ਭਾਈ ਸੁਰਜਨ ਸਿੰਘ ਜੀ ਵੀ ਸਾਡੇ ਨਾਲ ਮੁਲਤਾਨ ਜੇਲ੍ਹ ਵਿਚ ਕੈਦ ਕੀਤੇ ਹੋਏ ਸਨ, ਜੋ ਸਾਰੇ ਵਖਰੀਆਂ ਵਖਰੀਆਂ ਕਾਲ ਕੋਠੜੀਆਂ ਵਿਚ ਸਨ। ਸ੍ਰੀ ਬੀਬੀ ਜੋਗਿੰਦਰ ਕੌਰ ਜੀ ਮੁਲਤਾਨ ਸੈਂਟਰਲ ਜੇਲ੍ਹ ਵਿਚ ਮੁਲਾਕਾਤ ਕਰਨ ਆਏ। ਮੁਲਾਕਾਤ ਦੀ ਦਰਖ਼ਾਸਤ ਵਿਚ ਇਹ ਲਿਖਿਆ-ਕਿ ਮੈਂ ਪਹਿਲਾਂ ਭਾਈ ਰਣਧੀਰ ਸਿੰਘ ਜੀ ਨੂੰ ਮਿਲਣਾ ਹੈ, ਪਿਛੋਂ ਆਪਣੇ ਪਤੀ ਭਾਈ ਸੁਰਜਨ ਸਿੰਘ ਦੀ ਮੁਲਾਕਾਤ ਕਰਨੀ ਹੈ।

ਪਹਿਲੀ ਦਰਖ਼ਾਸਤ ਨਾ-ਮਨਜ਼ੂਰ ਹੋਈ, ਦੂਜੀ ਭਾਈ ਸੁਰਜਨ ਸਿੰਘ ਜੀ ਦੀ ਮੁਲਾਕਾਤ ਵਾਲੀ ਮਨਜ਼ੂਰ ਹੋ ਗਈ। ਉਨ੍ਹਾਂ ਦੋਹਾਂ ਦੀ ਇਸ ਮੁਲਾਕਾਤ ਵੇਲੇ ਉਥੇ ਜੇਲ੍ਹ ਦੇ ਅਫ਼ਸਰ ਕਰਮਚਾਰੀਆਂ ਵਿਚੋਂ ਇਕ ਡਾਕਟਰ ਰਾਮ ਲਾਲ ਜੀ ਭੀ ਉਥੇ ਜਾ ਚੁਕੇ ਸਨ। ਜੋ ਮੁਲਾਕਾਤ ਦੀਆਂ ਗੱਲਾਂ ਬੀਬੀ ਜੋਗਿੰਦਰ ਕੌਰ ਵਲੋਂ ਹੋਈਆਂ, ਉਹਨਾਂ ਨੂੰ ਸੁਣ ਕੇ ਸਾਰੇ ਜੇਲ੍ਹ ਕਰਮਚਾਰੀ ਅਫ਼ਸਰ ਦੰਗ ਰਹਿ ਗਏ ਸਨ। ਡਾਕਟਰ ਰਾਮ ਲਾਲ ਜੀ ਨੇ ਮੇਰੇ ਪਾਸ ਆ ਕੇ ਜ਼ਬਾਨੀ ਮੁਲਾਕਾਤ ਦੇ ਸਮਾਚਾਰ ਦਸੇ ਅਤੇ ਇਸ ਪ੍ਰਕਾਰ ਦਸਣੇ ਆਰੰਭ ਕੀਤੇ :

"ਮੈਂ ਬਿਜੈ ਸਿੰਘ, ਸੁੰਦਰੀ ਆਦਿਕ ਟ੍ਰੈਕਟ ਪੜ੍ਹੇ ਅਤੇ ਅਨੇਕਾਂ ਵਾਰ ਪੜ੍ਹੇ, ਪਰ ਮੈਂ ਇਨ੍ਹਾਂ ਟ੍ਰੈਕਟਾਂ ਨੂੰ ਅਫ਼ਸਾਨੇ ਸਮਝਦਾ ਸਾਂ ਕਿ ਐਸੀਆਂ ਬਹਾਦਰ ਸਿੰਘਣੀਆਂ ਵੀ ਕਦੇ ਹੋ ਸਕਦੀਆਂ ਹਨ ? ਪਰ ਅੱਜ ਮੈਂ ਮੁਲਾਕਾਤ ਨੂੰ ਆਈ ਇਕ ਸਿੰਘਣੀ ਬੀਬੀ ਦਾ ਦਰਸ਼ਨ ਬਚਨ ਬਿਲਾਸ ਸੁਣ ਕੇ ਨਾ ਸਿਰਫ ਹੈਰਾਨ ਪ੍ਰੇਸ਼ਾਨ ਹੀ ਹੋਇਆ ਹਾਂ, ਬਲਕਿ ਪਰਮ ਪ੍ਰਸੰਨ ਵੀ ਹੋਇਆ ਹਾਂ। ਪਰਮ ਪ੍ਰਸੰਨਤਾ ਵਾਲੀ ਗੱਲ ਇਹ ਹੈ ਕਿ ਸਿੰਘਣੀਆਂ ਦੇ ਕਾਰਨਾਮੇ ਟ੍ਰੈਕਟ ਤੋਂ ਪੜ੍ਹ ਕੇ ਮੈਂ ਐਵੇਂ ਅਨੁਮਾਨਕ ਗੱਲਾਂ ਹੀ ਸਮਝਦਾ ਸਾਂ। ਅਜ ਮੇਰੇ ਸਾਰੇ ਵਿਸਵਿਸੇ ਦੂਰ ਹੋ ਗਏ ਹਨ, ਅਤੇ ਮੈਨੂੰ



www.AKJ.Org

ਅਜ ਪੱਕਾ ਯਕੀਨ ਹੋ ਗਿਆ ਕਿ ਸਿੰਘਾਂ ਦੇ ਪੰਥ ਅੰਦਰ ਸਰ ਮੁਚ ਵਧ ਤੋਂ ਵਧ ਖ਼ਾਲਸਈ ਸਪਿਰਿਟ ਵਾਲੀਆਂ ਰੂਹਾਂ ਮੌਜੂਦ ਹਨ। ਬਿਜੈ ਸਿੰਘ ਆਦਿ ਟ੍ਰੈਕਟਾਂ ਵਿਚ ਸਿੰਘਣੀਆਂ ਦੀਆਂ ਬਹਾਦਰੀਆਂ ਤੇ ਸੂਰਮਤਾਈਆਂ ਜੋ ਮੈਂ ਪੜ੍ਹੀਆਂ ਸੁਣੀਆਂ ਸਨ, ਉਸ ਤੋਂ ਕਈ ਗੁਣਾ ਵਧ ਚੜ੍ਹ ਕੇ ਅਜ ਮੈਂ ਜੀਊਂਦੀ ਜਾਗਦੀ ਮਿਸਾਲ ਬਹਾਦਰ ਸਿੰਘਣੀ ਦੀ ਆਪਣੇ ਅੱਖੀਂ ਦੇਖ ਆਇਆ ਹਾਂ। ਜੋ ਜੋ ਸਮਾਚਾਰ ਮੈਂ ਨੇ ਅਖੀਂ ਡ੍ਰੇਖੇ ਤੇ ਕੰਨੀ ਸੁਣੇ ਉਸ ਤੋਂ ਵਧ ਕੇ ਹੋਰ ਕਿਸੇ ਪ੍ਰਿੜ੍ਹਤਾ ਦੀ ਲੋੜ ਨਹੀਂ ਰਹੀ।''

ਵਿਸਥਾਰ ਪੂਰਬਕ ਉਹਨੇ ਸਾਰੀਆਂ ਗੱਲਾਂ ਦੱਸੀਆਂ ਕਿ ਕੀ ਉਸ ਨੇ ਕਿਹਾ ਤੇ ਏਥੇ ਵੰਨਗੀ ਮਾਤਰ ਇਕ ਦੋ ਗੱਲਾਂ ਹੀ ਦਸੀਆਂ ਜਾ ਸਕਦੀਆਂ ਹਨ, ਕਿਉਂਕਿ ਲਿਖਤ-ਵਿਸਥਾਰ ਵਧ ਜਾਣ ਦਾ ਡਰ ਹੈ: ''ਬੀਬੀ ਨੇ ਭਾਈ ਸੁਰਜਨ ਸਿੰਘ ਜੀ ਦੇ ਸਨਮੁਖ ਹੋ ਕੇ ਕਿਹਾ–ਤੁਸੀਂ ਵਡਭਾਗੇ ਹੋ, ਗੋਰਾ-ਸ਼ਾਹੀ ਦੀ ਮੁਖਾਲਫ਼ਤ ਵਿਚ ਡਟੇ ਹੋ, ਕਾਸ਼ ਕਿ ਮੈਨੂੰ ਭੀ ਇਹ ਸੁਭਾਗ ਪ੍ਰਾਪਤ ਹੁੰਦਾ। ਤੁਸੀਂ ਉਸ ਗੁਰੂ ਸਾਹਿਬ ਦੇ ਸਿਖ ਹੋ ਜਿਨ੍ਹਾਂ ਨੇ ਚਾਰ ਸਾਹਿਬਜ਼ਾਦੇ ਅਤੇ ਸਾਰਾ ਪ੍ਰਵਾਰ ਦੇਸ਼, ਪੰਥ ਪਰ ਵਾਰ ਦਿਤਾ, ਹੁਣ ਤੁਸੀਂ ਕਿਸੇ ਪ੍ਰਕਾਰ ਲਰਜ਼ਾ ਨਹੀਂ ਖਾਣਾ, ਗੁਰਸਿੱਖੀ ਦੀ ਸੂਰਬੀਰਤਾ ਵਾਲੀ ਸਪਿਰਿਟ ਨੂੰ ਲਾਜ ਨਹੀਂ ਲਾਣੀ, ਅਸਾਡਾ ਫ਼ਿਕਰ ਨਹੀਂ ਕਰਨਾ, ਉਹ ਅਕਾਲ ਪੁਰਖ ਸਾਡੇ ਅੰਗ ਸੰਗ ਹੈ। ਅਸਾਡੇ ਤੁਸਾਡੇ ਵਿਚ ਆਤਮਕ ਮੇਲ ਦੀ ਵਿਥ ਕੋਈ ਨਹੀਂ ਪਾ ਸਕਦਾ। ਸਤਿਗੁਰੂ ਨੇ ਜੋ ਨਿਰਭਉ ਨਾਮ ਸਾਨੂੰ ਬਖ਼ਸ਼ਿਆ ਹੈ, ਉਹ ਤੁਸਾਡੇ ਅੰਦਰ ਵੀ ਪ੍ਰਵੇਸ਼ ਹੈ, ਤੁਸੀਂ ਏਸੇ ਨੂੰ ਆਪਣਾ ਜੀਵਨ-ਅਧਾਰ ਬਨਾਉਣਾ ਅਤੇ ਕਦੇ ਕੋਈ ਲਰਜ਼ਾ ਨਹੀਂ ਖਾਣਾ। ਇਹ ਸਰੀਰ ਛਿਨ-ਭੰਗਰ ਹੀ ਹੈ, ਠੀਕਰਾ ਓੜਕ ਫੁਟਣਾ ਹੀ ਹੈ, ਧਰਮ ਦੇ ਅਰਥ ਫੁਟੇ, ਇਸ ਤੋਂ ਵਧ ਹੋਰ ਕੀ ਸੁਭਾਗ ਹੋ ਸਕਦਾ ਹੈ। ਏਥੇ ਓਥੇ ਲੋਕ ਪ੍ਰਲੋਕ ਵਿਚ ਨਾਮ-ਪ੍ਰੀਤੀਆਂ ਰੂਹਾਂ ਨੂੰ ਹਰਗਿਜ਼ ਵਿਛੋੜਾ ਨਹੀਂ। ਤੁਹਾਡੀ ਕੁਰਬਾਨੀ ਰੰਗ ਲਿਆਵੇਗੀ। ਏਨ੍ਹਾਂ ਕੁਰਬਾਨੀਆਂ ਦੇ ਤੁਫ਼ੈਲ ਇਕ ਦਿਨ ਸਾਰਾ ਮੁਲਕ ਆਜ਼ਾਦ ਹੋ ਜਾਏਗਾ। ਹੁਣ ਨਾਮ ਦੇ ਆਸਰੇ ਜੀਊਣਾ ਹੈ, ਤੁਸੀਂ ਨਾਮ ਦੇ ਆਸਰੇ ਜੀਉ। ਭੀੜੀ ਅਵਧਾ ਕਾਲ ਦੇ ਸਮੇਂ ਹੀ ਧਰਮ ਦੀ ਪ੍ਰੀਖਿਆ ਹੁੰਦੀ ਹੈ। ਭਾਈ ਰਣਧੀਰ ਸਿੰਘ ਜੀ ਜੋ ਪੂਰਨੇ ਪਾ ਰਹੇ ਹਨ, ਉਹਨਾਂ ਦੇ ਨਕਸ਼ੇ ਕਦਮ ਉਪਰ ਹੀ ਚਲੋਗੇ ਤਾਂ ਲੋਕ ਪ੍ਰਲੋਕ ਵਿਖੇ ਮੁਖ ਉਜਲਾ ਹੋਵੇਗਾ। ਇਸ ਕਥਨ ਪਰ ਭਾਈ ਸੁਰਜਨ ਸਿੰਘ ਜੀ ਦੇ ਮੁਖੋਂ ਸੁਤੇ ਹੀ ਇਹ ਗੱਲ ਨਿਕਲ ਗਈ ਕਿ ਅਜ ੨੧ ਦਿਨ ਹੋ ਗਏ ਹਨ, ਭਾਈ ਰਣਧੀਰ ਸਿੰਘ ਨੇ ਕੋਈ ਅਨ-ਜਲ ਪਾਨ ਨਹੀਂ ਕੀਤਾ। ਇਹ ਗੱਲ ਸੁਣਨ ਸਾਰ ਹੀ ਮੁਲਾਕਾਤ ਬੰਦ ਕਰ ਦਿਤੀ ਗਈ ਅਤੇ ਮੁਲਾਕਾਤੀਆਂ ਨੂੰ ਚਲੇ ਜਾਣ ਦਾ ਜਬਰੀ ਹੁਕਮ ਦੇ ਦਿਤਾ ਗਿਆ। ਭਾਈ ਸੁਰਜਨ ਸਿੰਘ ਜੀ ਕੁਛ ਉਜ਼ਰ ਮਾਜਰਤ ਕਰਨ ਲਗੇ ਸਨ ਕਿ ਕਿਉਂ ਮੁਲਾਕਾਤ ਬੰਦ ਕੀਤੀ ਜਾਂਦੀ ਹੈ?

''ਬੀਬੀ ਜੀ ਨੇ ਵੀ ਭਾਈ ਸੁਰਜਨ ਸਿੰਘ ਜੀ ਨੂੰ ਆਖਿਆ ਕਿ ਤੁਸੀਂ ਕਿਉਂ ਏਂ ਏਂ ਕਰਦੇ ਹੋ ਇਹਨਾਂ ਜ਼ਾਲਮਾਂ ਅਗੇ। ਅਸੀਂ ਨਿਤ ਨਿਤਾਪ੍ਰਤ ਮੁਲਾਕਾਤ ਕਰਾਂਗੇ, ਇਹ ਰੋਕਣ ਵਾਲੇ ਕੌਣ ਹਨ। ਅਸਾਡਾ ਆਤਮ-ਮਿਲਾਵਾ ਕੋਈ ਨਹੀਂ ਰੋਕ ਸਕਦਾ। ਜੇਲ੍ਹ ਕਰਮਚਾਰੀਆ ਨੇ ਬੀਬੀ ਜੀ ਨੂੰ ਧਮਕੀ ਦਿਤੀ ਕਿ ਤੁਸੀਂ ਚਲੇ ਜਾਓ, ਨਹੀਂ ਤਾਂ ਧੱਕੇ ਦੇ ਕੇ ਬਾਹਰ ਕੀਤਾ ਜਾਵੇਗਾ। ਇਹ ਸੁਣ ਕੇ ਬੀਬੀ ਜੋਗਿੰਦਰ ਕੌਰ ਜੀ ਦਾ ਚੇਹਰਾ ਨੂਰਾਨੀ ਜਲਾਲ ਨਾਲ ਲਾਲੋ ਲਾਲ ਹੋ ਗਿਆ ਅਤੇ ਉਥੇ ਹੀ ਡਟ ਖਲੋਤੀ ਕਿ ਆਓ ਧੱਕੇ ਦੇ ਕੇ ਦੇਖੋ ਤਾਂ ਸਹੀ, ਚੀਰ ਕੇ ਲੀਰੋ ਲੀਰ ਨਾ ਕਰ ਦਿਆਂ। ਬੀਬੀ ਜੋਗਿੰਦਰ ਕੌਰ ਜੀ ਦੇ ਇਸ ਜਲਾਲ ਭਰੇ ਰੁਹਬ ਦੀ ਤਾਬ ਕੋਈ ਨਾ ਲਿਆ ਸਕਿਆ। ਜੇਲ੍ਹਰ ਨੇ ਬੀਬੀ ਜੀ ਅਗੇ ਹੱਥ ਜੋੜੇ ਅਤੇ ਬੜੀ ਨਿਮਰਤਾਈ ਨਾਲ ਮਿੰਨਤ ਕਰ ਕੇ ਵਾਪਸ ਤੋਰਿਆ।''

ਡਾਕਟਰ ਰਾਮ ਲਾਲ ਦਸਦਾ ਹੈ ''ਕਿ ਅਸੀਂ ਸਾਰੇ ਜੇਲ੍ਹ-ਕਰਮਚਾਰੀ ਹੀ ਸਿਰ ਤੋਂ ਪੈਰਾਂ ਤਾਈਂ ਕੰਬ ਰਹੇ ਸਾਂ, ਇਸ ਸ਼ੇਰਨੀ ਦਾ ਜਲਾਲ ਝਲਿਆ ਨਹੀਂ ਜਾਂਦਾ ਸੀ। ਅਜ ਸਾਰੇ ਜੇਲ੍ਹ ਅੰਦਰ ਉਸ ਦੀ ਸੂਰਬੀਰਤਾ ਦੀਆ ਹੀ ਗੱਲਾਂ ਹੋ ਰਹੀਆਂ ਸਨ ਅਤੇ ਮੇਰੇ ਵਰਗੇ ਕਾਇਰਾਂ ਨੂੰ ਵਾਕਿਆ ਦੀ ਯਾਦ ਕਰ ਕੇ ਹੁਣ ਵੀ ਕੰਬਣੀ ਛਿੜ ਰਹੀ ਹੈ।''

ਡਾਕਟਰ ਰਾਮ ਲਾਲ ਜੀ ਨੇ ਪ੍ਰਤਗਿਆ ਕੀਤੀ ਕਿ ਮੈਂ ਸਣੇ ਪਰਵਾਰ ਦੇ ਸਿੰਘ ਸਜਾਂਗਾ, ਆਪ ਅਸੀਸਾਂ ਦੇਵੋ ਕਿ ਸਤਿਗੁਰੂ ਸਾਨੂੰ ਭੀ ਸਿੱਖੀ ਸਿਦਕ ਪ੍ਰਦਾਨ ਕਰੇ। ਬਸ ਏਨਾ ਕੁਝ ਵੰਨਗੀ ਮਾਤਰ ਜ਼ਿਕਰ ਹੀ ਕਾਫ਼ੀ ਹੈ।


www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੧੧)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ '

[ਕੈਪਟਿਨ ਸਵਰਨ ਸਿੰਘ ਜੀ]

[ਲੜੀ ਜੋੜਨ ਲਈ ਵੇਖੋ 'ਸੂਰਾ' ਅਗਸਤ ੧੯੯੦]

## ਸ੍ਰੀ ਨਗਰੀਆ ਫ਼ਤਿਹ ਸ਼ਾਹ ਬਚ ਗਿਆ–

ਹਮੀਦ ਖ਼ਾਨ ਬਹਾਦਰ ਨੂੰ ਹੁਕਮ ਨਾਹਨ ਤੇ ਸ੍ਰੀਨਗਰ ਦੇ ਦੋਹਾਂ ਹੀ ਪਹਾੜੀ ਰਾਜਿਆਂ ਨੂੰ ਫੜ ਕੇ ਬਾਦਸ਼ਾਹ ਦੇ ਪੇਸ਼ ਕਰਨ ਦਾ ਸੀ। ਨਾਹਨ ਵਿਖੇ, ਜੋ ਕਿ ਮੁਖ਼ਲਸਗੜ੍ਹ ਦੇ ਲਾਗੇ ਸੀ, ਹਮੀਦਖਾਨ ਝਟ ਪਹੁੰਚ ਗਿਆ। ਭੂਪ ਪ੍ਰਕਾਸ਼ ਜੇ ਚਾਹੁੰਦਾ ਤਾਂ ਸ਼ਹਿਰ ਛੱਡ ਕੇ ਨਿਕਲ ਜਾਂਦਾ, ਬਚ ਸਕਦਾ ਸੀ। ਸ਼ਾਹੀ ਮਹਲਾਂ ਵਿਖੇ ਬਰਫ਼ ਪਹੁੰਚਾਉਣ ਦੀ ਉਤਮ ਸੇਵਾ ਤੇ ਲਗਾ ਰਾਜਾ ਆਪਣੇ ਆਪ ਨੂੰ ਮੁਗ਼ਲ ਹਕੂਮਤ ਦਾ ਅੰਗ-ਪਖ ਹੀ ਸਮਝਦਾ ਸੀ। ਉਹ ਇਹ ਨਹੀਂ ਸੀ ਜਾਣਦਾ ਕਿ ਗ਼ੁਲਾਮ ਭਾਵੇਂ ਕਿੰਨੀ ਵੀ ਜਾਨ ਜੋਖਮ ਵਿਚ ਪਾ ਕੇ ਪਾਤਸ਼ਾਹਾਂ ਦੀ ਸੇਵਾ ਕਰਨ, ਉਨ੍ਹਾਂ ਦੇ ਦਿਲਾਂ ਵਿਚ ਕਦੀ ਇਹਸਾਨ ਦੀ ਭਾਵਨਾ ਪੈਦਾ ਨਹੀਂ ਹੋਇਆ ਕਰਦੀ। ਗ਼ੁਲਾਮੀ ਵਿਚ ਯਕੀਨ ਰਖਣ ਵਾਲਿਆਂ ਦੀ ਨਿਗਾਹ ਵਿਚ ਸੇਵਾ ਕਰਦਿਆਂ ਗ਼ੁਲਾਮਾਂ ਦਾ, ਮਾਲਿਕ ਲਈ ਸਿਰ ਦੀ ਬਾਜ਼ੀ ਲਾ ਜਾਣਾ ਕੋਈ ਅਣੋਖੀ ਗੱਲ ਨਹੀਂ। ਮੌਤ ਉਸ ਦੀ ਸੇਵਾ ਦਾ ਹਿੱਸਾ ਹੈ। ਇਕ ਵਾਰ ਨਹੀਂ, ਉਹ ਸੌ ਵਾਰ ਅਜ਼ਾਦੀ ਖ਼ਾਤਰ ਮਰੇ, ਉਹ ਕਿਸੇ ਵਿਸ਼ੇਸ਼ ਸਲੂਕ ਦਾ ਹੱਕਦਾਰ ਨਹੀਂ। ਬਸ ਇਹੋ ਹੀ ਗੱਲ ਭੂਪ ਪ੍ਰਕਾਸ਼ ਦੇ ਸਬੰਧ ਵਿਚ ਸਮਝ ਲਈ ਜਾਵੇ। ਸੋ ਬਹਾਦਰ ਸ਼ਾਹ ਨੇ ਉਸ ਦੀ ਸੇਵਾ ਨੂੰ ਰਤੀ ਨਹੀਂ ਗੌਲਿਆ, ਝਟ ਪਿੰਜਰੇ ਵਿਚ ਬੰਦ ਕਰ ਕੇ ਦਿੱਲੀ ਪਹੁੰਚਾ ਦਿਤਾ। ਨਾਹਨ ਤੋਂ ਅਗੇ ਹੱਦ ਫ਼ਤਿਹ ਸ਼ਾਹ ਦੀ ਰਿਆਸਤ ਸ੍ਰੀ ਨਗਰ ਦੀ ਸੀ। (ਇਹ ਸ੍ਰੀ ਨਗਰ ਕਸ਼ਮੀਰ ਵਾਲਾ ਨਹੀਂ, ਬਲਕਿ ਇਹ ਸ਼ਹਿਰ ਦੇਵ-ਪਰਿਆਗ ਤੋਂ ਅੱਗੇ ਅਲਕਾਨੰਦਾ ਦਰਿਆ ਦੇ ਖੱਬੇ ਕੰਢੇ ਤੇ ਹੈ। ਇਹ ਕਮਾਊ ਗੜ੍ਹਵਾਲ ਦਾ ਇਲਾਕਾ ਹੈ।) ਸ੍ਰੀ ਨਗਰ ਬੜੇ ਉਚਿਆਂ ਪਹਾੜਾਂ ਵਿਚ ਘਿਰਿਆ ਹੋਇਆ ਹੈ। ਰਾਹ-ਖਹਿੜਾ ਬਿਖੜਾ ਹੋਣ ਕਰਕੇ ਹਮੀਦ-ਖ਼ਾਨ ਇਸ ਪਾਸੇ ਨਾ ਗਿਆ। ਫ਼ਤਿਹ ਸ਼ਾਹ ਨੂੰ ਪਤਾ ਚਲ ਗਿਆ ਸ੍ਰੀ ਕਿ ਉਸ ਨਾਲ ਕੀ ਬਣਨ ਵਾਲੀ ਸੀ, ਸੋ ਆਪਣੀ ਸਵਾਮੀ-ਭਗਤੀ ਦੇ ਪ੍ਰਮਾਣ ਵਜੋਂ ਕੀਮਤੀ ਤੁਹਫ਼ੇ ਪਾਤਸ਼ਾਹ ਦੀ ਸੇਵਾ ਵਿਚ ਭਿਜਵਾ ਕੇ ਆਪਣੀ ਨੇਕਨੀਤੀ ਤੇ ਸੂਝ ਬੂਝ ਦਾ ਰੰਗ ਜਮਾ ਲਿਆ। ਬਾਦਸ਼ਾਹ ਨੇ ਅਧੀਨਗੀ ਤੇ ਤੁਹਫ਼ੇ ਕਬੂਲ ਕਰ ਲਏ ਤੇ ਫ਼ਤਿਹ ਸ਼ਾਹ[1] ਸੁਰਖ਼ਰੂ ਹੋ ਗਿਆ।

ਲੋਹਗੜ੍ਹੋਂ ਬਚ ਕੇ ਨਿਕਲ ਜਾਣਾ ਬੰਦਾ ਸਿੰਘ ਦੀ ਹਾਰ ਨਹੀਂ ਮੰਨੀ ਜਾ ਸਕਦੀ। ਇਸ ਵਿਚ ਸ਼ੱਕ ਨਹੀਂ, ਉਸ ਦੀ ਤਾਕਤ ਨੂੰ ਕਾਫ਼ੀ ਸੱਟ ਵੱਜੀ, ਪਰ ਉਹ ਆਪਣੇ ਨਿਸ਼ਾਨੇ ਤੋਂ ਰੰਚ ਮਾਤਰ ਥਿੜਕਿਆ ਨਹੀਂ। ਉਸਦੇ ਉਦਮ, ਸਾਹਿਸ, ਨਿਸਚੇ, ਨਿਡਰਤਾ ਤੇ ਅਥਾਹ ਜੋਸ਼ ਵਿਚ ਕੋਈ ਫ਼ਰਕ ਨਹੀਂ ਆਇਆ। ਉਹ ਅੱਗੇ ਨਾਲੋਂ ਵੀ ਭਬਕ ਕੇ ਉਭਰਿਆ। ਮੁਗ਼ਲ ਸਾਮਰਾਜ ਨੂੰ ਠਿਕਾਣੇ ਲਾਉਣ ਲਈ ਆਪਣੀ ਤਾਕਤ ਇਕੱਠੀ ਕਰ ਕੇ ਨਵੇਂ ਮੌਕੇ ਦੀ ਤਾੜ ਵਿਚ ਹੋ ਬੈਠਾ। ਜਿਤ ਹਾਰ ਪਖੋਂ ਜੇ ਵੇਖਿਆ ਜਾਵੇ ਤਾਂ ਇਹ ਹਿੰਦੁਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਦੀ ਬੜੀ ਵੱਡੀ ਹਾਰ ਹੈ। ਉਹ ਬੜਾ ਭਾਰਾ ਲਸ਼ਕਰ ਲੈ ਕੇ ਆਇਆ ਸੀ ਸਿਖ ਆਗੂ ਨੂੰ ਫੜਨ ਤੇ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣ ਲਈ। ਹੋਇਆ ਬਿਲਕੁਲ ਉਲਟ। ਬੰਦਾ ਸਿੰਘ ਫੜਿਆ ਜਾਣ ਦੀ ਥਾਂ ਤੇਗ ਹਥਾਂ ਵਿਚ ਲੈ ਕੇ ਫੌਜ ਨੂੰ ਚੀਰ ਪਾੜ ਕੇ ਸਾਥੀਆਂ ਸਮੇਤ ਨਿਕਲ ਗਿਆ। ਨਿਕਲਿਆ ਵੀ ਐਸਾ ਕਿ ਹਮੀਦ ਖ਼ਾਨ ਬਹਾਦਰ ਨੇ ਪੁਜ ਕੇ ਤਾਣ ਲਾਇਆ, ਪਹਾੜਾਂ ਵਿਚ ਭਟਕਦਾ ਫਿਰਿਆ, ਪਰ ਬੰਦਾ ਸਿੰਘ ਦੀ ਸੂਹ ਤਕ ਨਾ ਪਾ ਸਕਿਆ। ਐਨਾ ਜਾਨੀ ਮਾਲੀ ਨੁਕਸਾਨ ਕਰਵਾ ਕੇ ਬਹਾਦਰ ਸ਼ਾਹ ਦੇ ਪੱਲੇ ਹਾਰ ਤੇ ਮਾਯੂਸੀ ਹੀ ਪਈ।

ਕੋਈ ਸ਼ੱਕ ਨਹੀਂ ਕਿ ਬੰਦਾ ਸਿੰਘ ਗੜ੍ਹੀ ਛਡਣ ਤੇ ਮਜਬੂਰ ਹੋ ਗਿਆ। ਉਹ ਜਾਣਦਾ ਸੀ ਕਿ ਉਹ ਬਹੁਤ ਹੀ



www.AKJ.Org

ਥੋੜੇ ਬੰਦਿਆਂ ਨਾਲ ੬੦ ਹਜ਼ਾਰ ਦੀ ਗਿਣਤੀ ਵਾਲੀ ਸ਼ਾਹੀ ਫ਼ੌਜ ਨਾਲ ਛੋਟੀ ਜਿਹੀ ਗੜ੍ਹੀ ਵਿਚ ਬੈਠ ਕੇ ਟੱਕਰ ਲੈ ਰਿਹਾ ਹੈ। ਗੋਲੀ ਸਿੱਕੇ ਤੇ ਰਸਦ ਪੱਠੇ ਦੀ ਵੀ ਮਾਤਰਾ ਉਸ ਪਾਸ ਚੰਦ ਦਿਨਾਂ ਜੋਗੀ ਹੈ, ਬਾਹਰੋਂ ਆਉਣ ਦੀ ਕੋਈ ਆਸ ਨਹੀਂ। ਲੜਨ ਵਾਲੇ ਵੀ ਉਸ ਪਾਸ ਨਹੀਂ ਪੁਜ ਸਕਣੇ। ਜਿੰਨੇ ਕੁ ਉਸ ਪਾਸ ਸਿੰਘ ਸਨ ਉਨ੍ਹਾਂ ਵਿਚੋਂ ਬਹੁਤੇ ਥਾਉਂ ਥਾਈਂ ਖਿਲਰੇ ਪਏ ਸਨ। ਉਸ ਨੇ ਸਮਾਣੇ ਦੀ ਜਿੱਤ ਤੋਂ ਲੈਕੇ ਮੁਖ਼ਲਸਗੜ੍ਹ ਦੇ ਘੇਰੇ ਤਕ, ਪਾਣੀਪਤ ਤੋਂ ਲੈ ਕੇ ਲਾਹੌਰ ਤਕ ਦਾ ਮੁਲਕ ਮੁਗ਼ਲ ਹਕੂਮਤ ਹੇਠੋਂ ਕਢ ਕੇ ਆਪਣੇ ਕਬਜ਼ੇ ਥਲੇ ਕਰ ਲਿਆ ਸੀ। ਇਕ ਹਿਸਾਬ ਨਾਲ ਇਹ ਸਿਰਫ਼ ਫ਼ੌਜੀ ਕਬਜ਼ਾ ਹੀ ਸੀ। ਇਸ ਉਤੇ ਉਸ ਦਾ ਪਰਪੱਕ ਰਾਜ ਨਹੀਂ ਸੀ ਬਣ ਸਕਿਆ। ਰਾਜਸੀ ਪਰਬੰਧ ਵਾਸਤੇ ਉਸ ਪਾਸ ਕੋਈ ਗੁੜ੍ਹਿਆ ਤੇ ਹੰਢਿਆ ਹੋਇਆ ਕੇਡਰ ਹੀ ਨਹੀਂ ਸੀ, ਜੋ ਸਾਰੇ ਕੰਮ ਨੂੰ ਸਾਂਭ ਲੈਂਦਾ ਤੇ ਸਾਰੀ ਲੜਾਕੂ ਸ਼ਕਤੀ ਬੰਦਾ ਸਿੰਘ ਦੇ ਪਾਸ ਰਹਿੰਦੀ। ਇਸ ਫ਼ੌਜੀ ਕਬਜ਼ੇ ਨੂੰ ਪੱਕੇ ਪੈਰੀਂ ਰਖਣ ਲਈ ਵਡੇ ਵਡੇ ਮੁਖੀ ਜਰਨੈਲ ਥੋੜੇ ਥੋੜੇ ਸਿੰਘ ਦੇ ਕੇ ਥਾਂ ਥਾਂ ਨਿਯੁਕਤ ਕੀਤੇ ਹੋਏ ਸਨ। ਫ਼ਤਿਹ ਕੀਤੇ ਹੋਏ ਇਲਾਕੇ ਵਿਚ ਅਮਨ ਕਾਇਮ ਰਖਣਾ ਸੀ। ਲੁਟੇਰਿਆਂ ਤੇ ਡਾਕੂਆਂ, ਰਾਹ-ਮਾਰਾਂ ਤੇ ਧਾੜਵੀਆਂ ਦੇ ਗਰੋਹਾਂ ਦੇ ਗਰੋਹ ਫਿਰਦੇ ਸਨ ਤੇ ਮੁਗ਼ਲ ਪ੍ਰਸ਼ਾਸਨ ਦੀ ਗ਼ੈਰ-ਹਾਜ਼ਰੀ ਵਿਚ ਉਹ ਸਮਝਦੇ ਸਨ ਕਿ ਅਸੀਂ ਜੋ ਚਾਹੀਏ, ਮਨ-ਮਾਨੀ ਕਰੀਏ, ਸਾਨੂੰ ਕੌਣ ਰੋਕ ਸਕਦੈ। ਇਨ੍ਹਾਂ ਦਾ ਸਿਰ ਕੁਟਣ ਲਈ ਬੰਦਾ ਸਿੰਘ ਦੇ ਸਿੰਘ ਦਿਨ ਰਾਤ ਇਕ ਕਰ ਰਹੇ ਸਨ। ਮਾਮਲੇ ਦੀ ਉਗਰਾਹੀ ਵੀ ਇਨ੍ਹਾਂ ਦੇ ਜ਼ਿਮੇਂ ਹੀ ਸੀ। ਪੋਟਿਆਂ ਤੇ ਗਿਣੇ ਜਾਣ ਵਾਲੇ ਸਿੰਘ ਜ਼ੈਲਾਂ, ਤਪਿਆਂ, ਪਰਗਣਿਆਂ ਦਾ ਪਰਬੰਧ ਕਿਵੇਂ ਚਲਾ ਸਕਦੇ ਸਨ? ਇਹ ਕਿੰਨੇ ਕੁ ਕੰਮ ਸੰਭਾਲ ਸਕਦੇ? ਕੌਣ ਰਸਦ ਵਜੋਂ ਦਾਣਾ ਪੱਠਾ ਤੇ ਗੋਲੀ ਸਿੱਕਾ, ਲੋੜੀਂਦੇ ਹਥਿਆਰ ਇਕੱਠੇ ਕਰ ਕੇ ਲੋਹਗੜ੍ਹ ਪਹੁੰਚਾ ਸਕਦਾ ਸੀ? ਜਿਥੇ ਜਿਥੇ ਕੋਈ ਹੈ ਸੀ, ਬਿਪਤਾ ਦੇ ਮੂੰਹ ਆਇਆ ਹੋਇਆ ਸੀ। ਕਦੀ ਕਿਸੇ ਨੂੰ ਕਮਰਕੱਸਾ ਖੋਲ੍ਹ ਕੇ ਹਥਿਆਰ ਲਾਹ ਕੇ ਸੌਣਾ ਨਹੀਂ ਸੀ ਮਿਲਦਾ। ਇਸ ਹਾਲਤ ਵਿਚ ਲੜਨ-ਸ਼ਕਤੀ ਦਾ ਬਹੁਤਾ ਵੱਡਾ ਹਿੱਸਾ, ਥੋੜਾ ਥੋੜਾ ਕਰਕੇ ਕਬਜ਼ੇ ਕੀਤੇ ਹੋਏ ਮੁਲਕ ਵਿਚ ਖਿਲਰਿਆ ਪੁਲਰਿਆ ਪਿਆ ਸੀ।

ਸਮਾਣਾ ਮਾਰਨ ਤੋਂ ਲੈ ਕੇ ਲੋਹਗੜ੍ਹ ਛਡਣ ਤਕ ਇਕ ਸਾਲ ਤੋਂ ਵੀ ਘਟ ਸਮਾਂ ਬਣਦਾ ਹੈ। ਮੁਲਕ ਮਾਰਨਾ ਏਨਾ ਔਖਾ ਨਹੀਂ ਜਿੰਨਾ ਉਸਨੂੰ ਸ਼ਾਸਨ ਵਿਚ ਰਖ ਕੇ ਰਾਜ ਪਰਬੰਧ ਚਲਾਉਣਾ। ਸਮੇਂ ਦੀ ਥੁੜ ਅਤੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਘਾਟ ਨੇ ਬੰਦਾ ਸਿੰਘ ਦੇ ਰਾਜ-ਪਰਬੰਧ ਦੇ ਪੈਰ ਨਹੀਂ ਜੰਮਣ ਦਿਤੇ। ਉਹ ਇਹ ਵੀ ਜਾਣਦਾ ਸੀ ਕਿ ਦੂਜੇ ਪਾਸੇ ਕਿਡਾ ਸ਼ਕਤੀ-ਸ਼ਾਲੀ ਮੁਗ਼ਲ ਰਾਜ ਹੈ, ਜਿਸਦਾ ਬਾਦਸ਼ਾਹ ਆਪਣੇ ਚੋਟੀ ਦੇ ਚੋਣਵੇਂ ਜਰਨੈਲ ਤੇ ੬੦ ਹਜ਼ਾਰ ਸੂਰਮੇ, ਜੋ ਕਈ ਕਈ ਮੁਹਿੰਮਾਂ ਸਰ ਕਰਨ ਦਾ ਤਜਰਬਾ ਰਖਦੇ ਸਨ, ਲੈ ਕੇ ਲੋਹਗੜ੍ਹ ਨੂੰ ਘੇਰੀ ਬੈਠਾ ਹੈ। ਪਰ ਬੰਦਾ ਸਿੰਘ ਆਪਣੇ ਮੁਠੀ ਭਰ ਸਿੰਘਾਂ ਨੂੰ ਲੈ ਕੇ ਹਿੰਦੁਸਤਾਨ ਦੀ ਸ਼ਾਹੀ ਤਾਕਤ ਨਾਲ ਸੀਨਾ ਤਾਣ ਕੇ ਟਕਰਾਇਆ। ਉਸ ਨੇ ਆਪਣੇ ਨਾਲੋਂ ਬਾਦਸ਼ਾਹੀ ਫ਼ੌਜ ਦਾ ਅਤੇ ਸਾਜ਼-ਸਾਮਾਨ ਦਾ ਕਈ ਗੁਣਾ ਵਧ ਨੁਕਸਾਨ ਕੀਤਾ। ਚਪੱੜਾਂ ਦੇ ਮੈਦਾਨ ਵਿਚ ਖੁੱਲ੍ਹੀ ਟੱਕਰ ਸਮੇਂ ਬੰਦਾ ਸਿੰਘ ਦੀ ਅਗਵਾਈ ਵਿਚ ਸਿੰਘ, ਸ਼ਾਹੀ ਸੈਨਾ ਤੇ ਇਵੇਂ ਟੁਟਦੇ ਰਹੇ ਜਿਵੇਂ ਕਣਕ ਦੇ ਖਲਵਾੜੇ ਤੇ ਬਿਜਲੀ ਡਿਗ ਕੇ ਭਸਮ ਕਰ ਸੁਟਦੀ ਹੈ। ਉਨ੍ਹਾਂ ਸਿੰਘਾਂ ਨੇ ਬਾਦਸ਼ਾਹ, ਉਸਦੇ ਚਾਰੇ ਸ਼ਹਿਜ਼ਾਦਿਆਂ, ਵਡੇ ਵਡੇ ਜਰਨੈਲਾਂ, ਸਾਦਾਤ ਬਾਰ੍ਹੇ ਦੇ ਅਜਿੱਤ ਜੰਗਜੂਆਂ ਤੇ ਰਾਜਿਸਥਾਨ ਦੇ ਚੰਡੇਲਾਂ ਬੁਦੇਲਾਂ ਸੂਰਮਿਆਂ ਦੀਆਂ ਕੋਸ਼ਿਸ਼ਾਂ ਮਿਟੀ 'ਚ ਮਿਲਾ ਕੇ ਰਖ ਦਿਤੀਆਂ।

ਲੋਹਗੜ੍ਹ, ਸਮੇਤ ਕਾਫ਼ੀ ਧਨ ਪਦਾਰਥ ਤੇ ਜੰਗੀ ਸਾਜ਼-ਸਾਮਾਨ ਦੇ, ਹਥੋਂ ਨਿਕਲ ਗਿਆ। ਸਿੰਘਾਂ ਰਤਾ ਵੀ ਦਿਲ ਤੇ ਨਹੀਂ ਲਿਆਂਦਾ। ਉਹ ਕਹਿੰਦੇ ਸਨ ਕਿ ਸ਼ੇਰ ਦਾ ਇਕ ਘੁਰਨਾ ਗਿਆ, ਪਰ ਉਸ ਲਈ ਹਜ਼ਾਰਾਂ ਹਾਜ਼ਰ। ਅਕਾਲ ਪੁਰਖ ਤੇ ਭਰੋਸਾ ਹੈ, ਉਸ ਨੇ ਬੜੀਆਂ ਬਖਸ਼ਿਸ਼ਾਂ ਕੀਤੀਆਂ ਹਨ, ਚੜ੍ਹਦੀ ਕਲਾ ਬਖਸ਼ੀ ਹੈ, ਦੇਗ ਤੇ ਤੇਗ਼ ਬਖਸ਼ੀ, ਅੰਮ੍ਰਿਤ ਦੀ ਬਖਸ਼ਿਸ਼ ਦੇ ਨਾਲ। ਜਿੱਥੇ ਖੜੇ ਹਾਂ, ਉਥੇ ਹੀ ਲੋਹਗੜ੍ਹ ਬਣਾ ਲਵਾਂਗੇ। ਬੰਦਾ ਸਿੰਘ ਸਮਝਦਾ ਸੀ ਕਿ ਲੋਹਗੜ੍ਹ ਹਥੋਂ ਨਿਕਲਣ ਨਾਲ ਕੋਈ ਫਰਕ ਨਹੀਂ ਪੈਂਦਾ। ਇਹ ਚੀਜ਼ਾਂ ਉਸ ਦੀ ਤਾਕਤ ਦੇ ਚਿੰਨ੍ਹ ਤਾਂ ਹੋ ਸਕਦੇ ਹਨ, ਸੋਮੇ ਨਹੀਂ। ਜਦ ਸਿੰਘ ਭਬਕਾ ਕੇ ਪੰਜਾ ਮਾਰਨਗੇ, ਕਈ ਲੋਹਗੜ੍ਹ ਪੈਰਾਂ


www.AKJ.Org

ਵਿਚ ਹੋਣਗੇ। ਸੋ ਉਸ ਦੀ ਤਾਕਤ ਤੇ ਜਿਤ ਦਾ ਸੋਮਾ ਖਾਲਸਾ ਜੀ ਦੀ ਚੜ੍ਹਦੀ ਕਲਾ ਵਾਲੀ ਸਪਿਰਿਟ ਹੈ, ਜੋ ਅਜਿਤ ਹੈ, ਜਿਸ ਨੂੰ ਨਾ ਕੋਈ ਹਰਾ ਸਕਿਆ ਹੈ ਤੇ ਨਾ ਹਰਾ ਸਕੂ। ਅੰਮ੍ਰਿਤ ਦੇ ਨਾਲ ਸਭ ਤੋਂ ਵੱਡੀ ਬਖਸ਼ਿਸ਼, ਅਕਾਲਪੁਰਖ ਦੀ ਅਜ਼ੀਮ ਰਹਿਮਤ ਹੈ,ਜੋ ਸਿੰਘਾਂ ਦਾ ਸਭ ਤੋਂ ਵਡਾ ਸਰਮਾਇਆ ਤੇ ਮਜ਼ਬੂਤ-ਤਰੀਨ ਢਾਲ ਹੈ, ਜਿਸ ਵਿਚ ਦੀ ਧਰਮਰਾਜ ਦੀ ਮੌਤ ਰੂਪੀ ਗੋਲੀ ਜਾ ਤੀਰ ਤਲਵਾਰ ਨਹੀਂ ਲੰਘ ਸਕਦੇ। ਲੰਘਣਾ ਤਾਂ ਇਕ ਪਾਸੇ, ਉਸ ਤੇ ਇਨ੍ਹਾਂ ਦਾ ਕੋਈ ਅਸਰ ਹੀ ਨਹੀਂ। ਬੰਦਾ ਸਿੰਘ ਨੂੰ ਕੇਵਲ ਖਾਲਸੇ ਦੀ ਸ਼ਕਤੀ ਤੇ ਹੀ ਭਰੋਸਾ ਸੀ। ਕਿਉਂ? ਇਸ ਲਈ ਕਿ ਉਸ ਦੇ ਮੁਰਸ਼ਦੇ-ਆਲ੍ਹਾ ਕਲਗੀਧਰ ਨੇ ਖ਼ਾਲਸੇ ਨੂੰ ਆਪਣਾ ਖ਼ਾਸ ਰੂਪ ਮੰਨਿਆ ਹੈ, ਇਸੇ ਵਿਚ ਉਸ ਦਾ ਨਿਵਾਸ ਹੈ, ਉਸ ਦੀ ਜਾਨ ਹੈ, ਪਿੰਡ ਪ੍ਰਾਣ ਹੈ। ਖ਼ਾਲਸਾ ਉਸ ਦਾ ਸਾਹਿਬ ਹੈ, ਉਸ ਦੀ ਆਨ ਸ਼ਾਨ ਤੇ ਸੱਜਣ ਸੂਰਾ ਹੈ। ਦਸਮੇਸ਼ ਜੀ ਨੇ ਖਾਲਸੇ ਨੂੰ ਹੀ ਸਾਰੇ ਮਾਣ ਬਖਸ਼ੇ ਹਨ, ਫਿਰ ਭਲਾ ਬੰਦਾ ਸਿੰਘ ਇਸ ਸ਼ਕਤੀਮਾਨ ਖਾਲਸੇ ਨੂੰ ਆਪਣੀ ਸ਼ਕਤੀ ਦਾ ਅਮੁਕ ਤੇ ਅਖੁਟ ਸੋਮਾ ਕਿਉਂ ਨਾ ਮੰਨੇ। ਖਾਲਸਾ ਹੀ ਉਸ ਦਾ ਸਭ ਤੋਂ, ਮਜ਼ਬੂਤ ਕਿਲ੍ਹਾ ਹੈ।

ਲੋਹਗੜ੍ਹ ਚੋਂ ਨਿਕਲ ਜਾਣ ਤੋਂ ਐਨ ਚੋਦਾਂ ਦਿਨ ਬਾਅਦ ਬੰਦਾ ਸਿੰਘ ਨੇ ਸਿੱਖਾਂ ਦੇ ਆਗੂ ਵਜੋਂ ਹੁਕਮ-ਨਾਮੇ ਭੇਜੇ ਕਿ ਸਿੰਘ ਜਿਥੇ ਜਿਥੇ ਵੀ ਹੋਣ, ਹੁਕਮਨਾਮਾ ਮਿਲਦੇ ਸਾਰ ਸ਼ਸਤਰ, ਜੋ ਵੀ ਮਿਲੇ, ਲੈ ਕੇ ਤੁਰਤ ਉਸ ਪਾਸ ਪੁਜਣ। ਇਹ ਹੁਕਮਨਾਮੇ ਕੀਰਤਪੁਰੋਂ ਭੇਜੇ ਗਏ ਸਨ।

ਲੋਹਗੜ੍ਹ, ਜੋ ਸਿਖ-ਸ਼ਕਤੀ ਦਾ ਕੇਂਦਰ ਬਣ ਚੁਕਾ ਸੀ, ਭਾਵੇਂ ਉਹ ਥੋੜੇ ਚਿਰ ਲਈ ਰਿਹਾ, ਪੰਜਾਬ ਦੀ ਦਬੀ ਕੁਚਲੀ ਜਨਤਾ, ਵਿਸ਼ੇਸ਼ ਕਰਕੇ ਸਿਖ, ਉਸ ਨੂੰ ਮੁਗਲ ਰਾਜ ਦੇ ਮਰਕਜ਼ ਦਿਲੀ ਨਾਲੋਂ ਘਟ ਨਹੀਂ ਸਨ ਸਮਝਦੇ। ਉਹ ਮਹਿਸੂਸ ਕਰਦੇ ਸਨ ਕਿ ਇਸ ਥਾਂ ਤੇ ਬਣੀ ਰਾਜਸੀ ਸ਼ਕਤੀ ਨੇ ਹੀ ਪੰਜਾਬ ਦੇ ਮੁਲਕ 'ਚੋਂ ਗੁਲਾਮੀ ਦੀ ਜੜ੍ਹ ਪੁਟ ਸੁਟੀ ਹੈ ਤੇ ਕਲ੍ਹ ਦੇ ਜਰਵਾਣਿਆਂ ਨੂੰ, ਜਿਨ੍ਹਾਂ ਰਿਆਇਆ ਦਾ ਲਹੂ ਸੁਕਾਇਆ ਹੋਇਆ ਸੀ, ਐਸੀ ਮਾਰ ਮਾਰੀ ਹੈ ਕਿ ਮੂਧੇ ਮੂੰਹ ਪਏ ਕਿਤੇ ਬਿਰਕਦੇ ਨਹੀਂ। ਜਨਤਾ ਦੀ ਇੱਜ਼ਤ ਆਬਰੂ ਇਨ੍ਹਾਂ ਦੇ ਹੁੰਦਿਆਂ ਸੁਰਖਿਅਤ ਹੈ।

ਜਦ ਲੋਕਾਂ ਨੂੰ ਇਸ ਸਥਾਨ ਦੇ ਮੁੜ ਮੁਗਲਾਂ ਦੇ ਕਬਜ਼ੇ ਆ ਜਾਣ ਦੀ ਖਬਰ ਮਿਲੀ ਤਾਂ ਲੋਕਾਂ ਦੇ ਅਫ਼ਸੋਸ ਦੀ ਹੱਦ ਨਾ ਰਹੀ। ਜੇ ਖੁਸ਼ੀ ਸੀ ਤਾਂ ਸਿਰਫ਼ ਉਨ੍ਹਾਂ ਮੁਸਲਮਾਨਾਂ ਨੂੰ, ਜੋ ਸਰਕਾਰ-ਪਖੀ ਸਨ। ਹਾਂ ਰਾਠ ਤੇ ਖਾੜਕੂ ਸਿੰਘਾਂ ਉਤੇ ਇਸ ਨੁਕਸਾਨ ਦਾ ਕੋਈ ਅਸਰ ਨਹੀਂ ਸੀ। ਉਹ ਸਿਰਫ਼ ਬੰਦਾ ਸਿੰਘ ਵਲੋਂ ਕੋਈ ਖ਼ਬਰ ਉਡੀਕਦੇ ਸਨ। ਜਦ ਹੁਕਮਨਾਮੇ ਪੁਜੇ ਤਾਂ ਜਿਥੇ ਜਿਥੇ ਕੋਈ ਸੀ, ਵਹੀਰਾਂ ਘਤ ਕੇ ਤੁਰ ਪਿਆ ਤੇ ਘੜੀਓਂ ਕੋਹ ਕਰਦੇ ਕੀਰਤਪੁਰ ਬੰਦਾ ਸਿੰਘ ਪਾਸ ਆਣ ਇਕੱਠੇ ਹੋਏ। ਜਦ ਬੰਦਾ ਸਿੰਘ ਪਾਸ ਸਿੰਘਾਂ ਦਾ ਦਲ ਤਕੜੀ ਗਿਣਤੀ ਵਿਚ ਇਕੱਠਾ ਹੋ ਗਿਆ ਤਾਂ ਉਸ ਨੇ ਫ਼ੈਸਲਾ ਕੀਤਾ ਕਿ ਸ਼ਿਵਾਲਿਕ ਦੇ ਹਿੰਦੂ ਰਾਜੇ, ਜੋ ਗੁਰੂ ਘਰ ਨਾਲ ਜਾਣ ਬੁਝ ਕੇ ਵੈਰ ਕਮਾਉਂਦੇ ਆਏ ਸਨ, ਉਨ੍ਹਾਂ ਦੀ ਖਬਰ ਲਈ ਜਾਵੇ ਤੇ ਉਨ੍ਹਾਂ ਨੂੰ ਕੀਤੀਆਂ ਦਾ ਫਲ ਭੁਗਤਾਇਆ ਜਾਵੇ।

### ਭੀਮ ਚੰਦ ਕਹਿਲੂਰੀਆ (ਬਿਲਾਸ ਪੁਰੀਆ) ਦੀ ਸੁਧਾਈ–

ਸ਼ਿਵਾਲਿਕ ਦੇ ਪਹਾੜੀ ਰਾਜਿਆਂ ਚੋਂ ਗੁਰੂ ਘਰ ਦਾ ਵੱਡਾ ਦੋਖੀ ਤੇ ਦਸਮੇਸ਼ ਜੀ ਨਾਲ ਹਰ ਤਰ੍ਹਾਂ ਦਾ ਧਰੋਹ, ਦਗ਼ਾ, ਦੁਸ਼ਮਣੀ, ਉਹ ਵੀ ਬੇਵਜ੍ਹਾ, ਕਮਾਉਣ ਵਾਲਾ ਭੀਮ ਚੰਦ ਸੀ। ਇਹ ਏਡਾ ਮਹਾਂ ਪਾਪੀ ਤੇ ਨੀਚ ਸੀ ਕਿ ਜਦ ਮੁਗਲ-ਸ਼ਾਹੀ ਦੇ ਅਫਸਰਾਂ ਵਲੋਂ ਸਿਰ ਤੇ ਬਣਦੀ ਤਾਂ ਮਿੰਨਤਾਂ ਤਰਲੇ ਕਰ ਕੇ ਗੁਰੂ ਜੀ ਦੀ ਜਾ ਸ਼ਰਨ ਲੈਂਦਾ ਤੇ ਰਖਿਆ ਲਈ ਹਾੜੇ ਕਰਦਾ। ਗੁਰੂ ਘਰ ਤਾਂ ਹੈ ਹੀ ਮਜ਼ਲੂਮ ਦੀ ਰਖਿਆ ਤੇ ਜ਼ਾਲਮ ਦੀ ਭਖਿਆ ਲਈ। ਕਲਗੀਧਰ ਸ਼ਰਨ ਡਿਗੇ ਨੂੰ ਕੰਠ ਲਾ ਲੈਂਦੇ। ਇਕ ਨਹੀਂ, ਕਈ ਵਾਰ ਉਸ ਦੀ ਸਹਾਇਤਾ ਕੀਤੀ ਤੇ ਉਸ ਦੀ ਮੁਗ਼ਲਾਂ ਹਥੋਂ ਪਤ ਬਚਾਈ। ਪਰ ਇਹ ਐਸਾ ਅਕਿਰਤਘਣਤਾ ਦਾ ਪੁਤਲਾ ਸੀ ਕਿ ਔਖਾ ਸਮਾਂ ਟੱਪੇ ਤੋਂ ਪਿਛੋਂ ਸ਼ੁਕਰ-ਗੁਜ਼ਾਰ ਹੋਣ ਦੀ ਥਾਂ ਗੁਰੂ ਘਰ ਨਾਲ ਵੈਰ ਦਾ ਆਢਾ ਲਾ ਲੈਂਦਾ। ਅਨੰਦਪੁਰ ਸਾਹਿਬ ਦੇ ਲੰਮੇ ਘੇਰੇ ਤੇ ਚਮਕੌਰ ਦੀ ਲੜਾਈ ਵਿਚ ਮੂਹਰੇ ਸੀ। ਆਟੇ ਦੀ ਗਊ ਬਣਾ ਕੇ ਆਪਣੇ ਪ੍ਰੋਹਤ ਰਾਹੀਂ ਗੁਰੂ ਜੀ ਪਾਸ



www.AKJ.Org

ਘਲਾਉਣ ਤੇ ਉਸ ਦੀ ਕਸਮ ਖਾਣ ਵਾਲਾ ਤੇ ਫਿਰ ਅਨੰਦਪੁਰ ਸਾਹਿਬ ਤੋਂ ਤੁਰਿਆਂ ਉਤੇ ਹਮਲਾ ਕਰਵਾਉਣ ਵਾਲਾ ਵੀ ਇਹੋ ਨੀਚ ਤੇ ਨਿਰਲਜ ਪਹਾੜੀਆ ਸੀ।

ਸਿੰਘਾਂ ਜਦ ਦੀ ਸਰਹੰਦ ਮਾਰੀ ਸੀ, ਉਹ ਲੂਹਰੀਆਂ ਲੈਂਦੇ ਸਨ ਕਿ ਇਸ ਦੁਸ਼ਟ ਭੀਮ ਚੰਦ ਨੂੰ ਭੀ ਸੋਧਿਆ ਜਾਵੇ। ਬੰਦਾ ਸਿੰਘ ਦੀ ਵਿਉਂਤ ਸੀ ਕਿ ਪਹਿਲਾਂ ਵਡੇ ਦੁਸ਼ਮਣ ਨੂੰ ਮਾਰ ਮਾਰ ਕੇ ਖੋਖਲਾ ਕਰ ਲਿਆ ਜਾਵੇ ਤੇ ਜ਼ਿਆਦਾ ਤੋਂ ਜ਼ਿਆਦਾ ਮੁਲਕ ਕਬਜ਼ੇ ਕਰ ਕੇ ਉਸ ਤੇ ਰਾਜ-ਪਰਬੰਧ ਪੱਕਾ ਕਰ ਲਿਆ ਜਾਵੇ, ਤਾਕਿ ਖਾਲਸੇ ਦਾ ਰਾਜ ਪਰਬੰਧ ਪੱਕੀ ਬੁਨਿਆਦ ਤੇ ਖੜਾ ਹੋ ਸਕੇ। ਭੀਮ ਚੰਦ ਤੇ ਇਸ ਵਰਗੀ ਹੋਰ ਲੰਡੀ ਬੁਚੀ ਨੂੰ ਤਾਂ ਉਹ ਤੁੱਛ ਸਮਝਦਾ ਸੀ। ਉਹ ਸਮਝਦਾ ਸੀ ਕਿ ਜਦ ਖਾਲਸੇ ਦੀ ਕਾਫ਼ੀ ਤਾਕਤ ਬਣ ਗਈ ਤੇ ਮੁਗ਼ਲ ਰਾਜ ਨੂੰ ਖੂਹ ਖਾਤੇ ਪਾ ਦਿਤਾ ਤਾ ਇਹ ਸਿੰਘਾਂ ਦਾ ਜਾਹੋ-ਜਲਾਲ ਤੱਕ ਕੇ ਆਪਣੇ ਆਪ ਹੀ ਸ਼ਰਨ ਆ ਟਿਕਣਗੇ। ਜੇ ਰਤਾ ਮਾਸਾ ਤਿਰੜ-ਫਿਸ ਕੀਤੀ ਤਾਂ ਇਨ੍ਹਾਂ ਇਕ ਘੂਰੀ ਨਹੀਂ ਸਹਿਣੀ, ਸਮਝ ਆ ਗਈ ਤਾਂ ਸੁਧਰ ਜਾਣਗੇ, ਬਚੇ ਰਹਿਣਗੇ, ਨਹੀਂ ਤਾਂ ਸਿੰਘ ਪੈਰਾਂ ਥਲੇ ਮਸਲ ਕੇ ਮਾਰ ਖਪਾਉਣਗੇ। ਇਹ ਤਾਂ ਸਿੰਘਾਂ ਦੇ ਕਿੱਲੇ ਬਧੇ ਹਨ।

ਵਡੀ ਤਾਕਤ ਇਕੱਤਰ ਕਰਨ ਤੋਂ ਪਹਿਲਾਂ, ਲੋਹਗੜ੍ਹ ਦਾ ਥਕੇਵਾਂ ਲਾਹੁਣ ਲਈ ਗੁਰੂ ਘਰ ਦੇ ਵੈਰੀ ਪਹਾੜੀ ਦੁਸ਼ਟ ਰਾਜਿਆਂ ਦੀ ਟੋਟਣੀ ਕੁਟੀ ਜਾਵੇ। ਇਕ ਤਾਂ ਇਨ੍ਹਾਂ ਨਾਲ ਹਿਸਾਬ ਸਾਫ ਹੋ ਜਾਊਗਾ, ਦੂਜਾ ਕੁਝ ਸਮੇਂ ਲਈ ਖ਼ਾਲਸਾ ਵਿਸਮ ਲਊ ਤੇ ਇਸ ਪਾਸੇ ਦਾ ਲਹਿਰਾ ਲੈ ਲਊ। ਸੋ ਸਭ ਤੋਂ ਪਹਿਲਾਂ ਖ਼ਾਲਸੇ ਦਾ ਧਿਆਨ ਮਹਾਂ ਚੰਡਾਲ ਭੀਮ ਚੰਦ ਬਿਲਾਸਪੁਰੀਏ ਤੇ ਪਿਆ। ਬੰਦਾ ਸਿੰਘ ਕੀਰਤਪੁਰੋਂ ਕੂਚ ਕਰ ਕੇ ਅਨੰਦਪੁਰ ਸਾਹਿਬ ਆਇਆ। ਖਾਲਸਾ ਜੀ ਦੇ ਜਨਮ-ਸਥਾਨ ਦਾ ਕਾਫ਼ੀ ਨੁਕਸਾਨ ਹੋਇਆ ਹੋਇਆ ਸੀ। ਬੰਦਾ ਸਿੰਘ ਨੇ ਪਵਿਤਰ ਅਸਥਾਨ ਤੇ ਸੀਸ ਝੁਕਾਇਆ ਤੇ ਬਹੁਤ ਸਾਰਾ ਧਨ ਭੇਟ ਕੀਤਾ ਤੇ ਪੁਜਾਰੀਆਂ ਨੂੰ ਮੁਰੰਮਤ ਤੇ ਉਸਾਰੀ ਲਈ ਬੇਨਤੀ ਕੀਤੀ।

ਸ੍ਰੀ ਅਨੰਦਪੁਰ ਸਾਹਿਬੋਂ ਹੀ ਭੀਮ ਚੰਦ ਨੂੰ ਪ੍ਰਵਾਨਾ ਘਲਾਇਆ ਕਿ ਖ਼ਾਲਸਾ ਚੜ੍ਹ ਕੇ ਆ ਰਿਹਾ ਹੈ। ਸ਼ਰਨ ਪਿਆਂ ਬਚਾਅ ਹੈ ਤੇ ਆਕੀ ਹੋਇਆਂ ਖੁਆਰੀ ਤੇ ਤਬਾਹੀ ਹੈ। ਜੋ ਮਨ ਭਾਵੇ ਫ਼ੈਸਲਾ ਕਰ ਲੈ!

ਸਰਹੰਦ ਮਾਰਨ ਵਾਲੇ ਦਿਨ ਤੋਂ ਹੀ ਭੀਮਚੰਦ ਦੀ ਨੀਂਦ ਹਰਾਮ ਹੋ ਗਈ ਸੀ। ਉਸਦੇ ਕੀਤੇ ਹੋਏ ਪਾਪ ਉਸ ਨੂੰ ਸਦਾ ਕਾਂਬਾ ਚਾੜ੍ਹੀ ਰਖਦੇ, ਕਿਸੇ ਪਲ ਚੈਨ ਨਹੀਂ ਸੀ। ਕਿਉਂਕਿ ਉਹ ਸਮਝਦਾ ਸੀ ਕਿ ਵਜ਼ੀਦ ਖਾਨ ਤੋਂ ਬਾਅਦ ਲਾਜ਼ਮੀ ਉਸ ਦੀ ਵਾਰੀ ਆਉਣੀ ਹੈ। ਉਸ ਨੇ ਉਸ ਦਿਨ ਤੋਂ ਹੀ ਆਪਣੇ ਬਚਾਅ ਲਈ ਜਲੰਧਰ ਦੁਆਬਾ ਦੇ ਸਿਰਕੱਢ ਜ਼ਿਮੀਦਾਰਾਂ ਨਾਲ ਗਾਂਢਾ ਸਾਂਢਾ ਕਰ ਕੇ ਉਨ੍ਹਾਂ ਦੇ ਪਾਲਤੂ ਲੜਾਕੇ ਤੇ ਆਪਣੇ ਗੁਆਂਢੀ ਪਹਾੜੀ ਰਾਜਿਆਂ ਦੀ ਸਹਾਇਤਾ ਪ੍ਰਾਪਤ ਕਰ ਲਈ ਸੀ। ਬਿਲਾਸਪੁਰ ਦੀ ਗੜ੍ਹੀ ਨੂੰ ਮਜ਼ਬੂਤ ਕਰ ਕੇ, ਰਸਦ ਪੱਠਾ ਤੇ ਗੋਲੀ ਸਿੱਕਾ ਤਿਆਰ ਕਰ, ਬੰਦਾ ਸਿੰਘ ਵਲੋਂ ਹਮਲੇ ਦੀ ਉਡੀਕ ਕਰ ਰਿਹਾ ਸੀ। ਸਿੰਘਾਂ ਵਲੋਂ ਆਏ ਪ੍ਰਵਾਨੇ ਦਾ ਤੱਤਕਾਲ ਕੋਈ ਦੋ-ਟੁਕ ਜਵਾਬ ਨਾ ਦਿੱਤਾ, ਸਗੋਂ ਸਿੰਘਾਂ ਦੀ ਤਾਕਤ ਬਾਰੇ ਸੂਹਾਂ ਕਢਣ ਲਗਾ। ਉਹ ਇਸ ਸੋਚ ਦੇ ਤਹਿਤ ਘੇਸਲ ਮਾਰ ਰਿਹਾ ਸੀ ਕਿ ਸੰਭਵ ਹੈ ਸ਼ਾਹੀ ਫ਼ੌਜ ਬੰਦਾ ਸਿੰਘ ਦੀ ਭਾਲ ਵਿਚ ਪਿਛੇ ਪਿਛੇ ਜਲਦੀ ਹੀ ਪਹੁੰਚ ਜਾਵੇ ਤੇ ਇੰਜ ਸਿੰਘਾਂ ਨੂੰ ਸਨ੍ਹੀ ਵਿਚ ਲੈ ਕੇ ਮੁਗਲ ਸੈਨਾ ਨਾਲ ਹੱਥ ਵਟਾ, ਸਿੰਘਾਂ ਨੂੰ ਬਰਬਾਦ ਕਰਨ ਵਿਚ ਹਿਸੇਦਾਰ ਬਣੇ ਤੇ ਪਾਤਸ਼ਾਹ ਦੀਆਂ ਨਜ਼ਰਾਂ ਵਿਚ ਸੁਰਖ਼ਰੂ ਹੋ ਜਾਵੇ। ਇਸ ਲਈ ਉਸ ਨੂੰ ਆਪਣੀ ਤਿਆਰੀ ਤੇ ਕਾਫ਼ੀ ਮਾਣ ਸੀ।

ਭਾਵੀ ਕਿਸੇ ਨੂੰ ਪੁਛ ਕੇ ਤੇ ਉਸਦੀ ਸਲਾਹ ਨਾਲ ਨਹੀਂ ਵਾਪਰਦੀ। ਬੰਦਾ ਸਿੰਘ ਨੇ ਨਾ ਦੂਜਾ ਪ੍ਰਵਾਨਾ ਘਲਣਾ ਸੀ ਤੇ ਨਾ ਪਹਿਲੇ ਦੇ ਜਵਾਬ ਲਈ ਲੋੜੋਂ ਵਧ ਉਡੀਕ ਕਰਨੀ ਸੀ। ਬੰਦਾ ਸਿੰਘ ਨੇ ਅਨੰਦਪੁਰ ਸਾਹਿਬੋਂ ਕੂਚ ਕੀਤਾ ਤੇ ਪਹਾੜੀਆਂ ਨੂੰ ਉਦੋਂ ਪਤਾ ਲੱਗਾ ਜਦ ਸੂਰਜ ਚੜ੍ਹਨ ਤੋਂ ਪਹਿਲਾਂ ਸਿੰਘਾਂ ਦੇ ਜੈਕਾਰਿਆਂ ਨਾਲ ਆਸਮਾਨ ਤੇ ਪਰਬਤ ਗੂੰਜ ਉਠੇ। ਹੱਲਾ ਏਨੇ ਜ਼ੋਰ ਦਾ ਸੀ ਕਿ ਪਹਾੜੀਏ ਤੇ ਜਲੰਧਰੀਏ ਲੜਾਕੂ ਪਲ ਭਰ ਵੀ ਅੜ ਨਾ ਸਕੇ। ਭੀਮਚੰਦ ਦੇ ਪੱਕੀ ਸੇਵਾ ਵਾਲੇ ਤੇ ਆਰਜ਼ੀ, ਭਾਵ ਇੱਰੈਗੂਲਰ ੧੩ ਸੌਂ ਮੀਏਂ[2] ਇਕ ਥਾਂ ਹੀ ਮਾਰੇ ਗਏ। ਲਾਸ਼ਾਂ ਦੀ ਸੌ ਸੌ ਢੇਰੀ ਲਾਈ ਗਈ ਤੇ ਇੰਜ ਇਹ ਸਾਰੇ ਮੁਰਦੇ ੧੩ ਖੱਡਿਆਂ ਵਿਚ ਸੁਟ ਕੇ ਦਬ ਦਿਤੇ ਗਏ। ਹੁਣ ਵਾਰੀ ਆਈ ਬਿਲਾਸਪੁਰ ਦੇ ਸ਼ਹਿਰ ਦੀ, ਜਿਸ ਦੀ ਚੁਫੇਰਿਓਂ ਨਾਕਾ-ਬੰਦੀ ਕੀਤੀ ਹੋਈ ਸੀ। ਸਿੰਘਾਂ ਸਾਮ੍ਹਣੇ ਹੁਣ



www.AKJ.Org

ਉਹ ਸ਼ਹਿਰ ਸੀ ਜਿਥੋਂ ਜ਼ੁਲਮੀ ਧਾੜਾਂ ਗੁਰੂ ਘਰ ਸ੍ਰੀ ਅਨੰਦਪੁਰ ਸਾਹਿਬ ਤੇ ਚੜ੍ਹ ਕੇ ਜਾਇਆ ਕਰਦੀਆਂ ਸਨ। ਭੀਮਚੰਦ ਦੀ ਦਸ਼ਮੇਸ਼ ਜੀ ਨਾਲ ਦੁਸ਼ਮਣੀ ਅਕਾਰਣ ਸੀ।

ਗੁਰੂ ਘਰ ਦੇ ਦੋਖੀਆਂ ਤੋਂ ਗਿਣ ਗਿਣ ਬਦਲੇ ਲਏ। ਗਰੀਬ ਜਨਤਾ ਛੱਡ ਕੇ ਬਾਕੀ ਸ਼ਹਿਰ ਦੀ ਬੁਰੀ ਬਾਬ ਕੀਤੀ ਗਈ। ਇਥੋਂ ਬੜੇ ਗਹਿਰੇ ਗਫੇ ਸਿੰਘਾਂ ਦੇ ਹਥ ਲੱਗੇ। ਰਾਜੇ ਦਾ ਸਾਂਭਿਆ ਧਨ ਪਦਾਰਥ ਬੰਦਾ ਸਿੰਘ ਦੀਆਂ ਅਗਲੀਆਂ ਮੁਹਿੰਮਾਂ ਵਿਚ ਕੰਮ ਆਇਆ।

ਭੀਮਚੰਦ, ਉਸ ਦੀ ਰਾਜਧਾਨੀ ਤੇ ਉਸ ਦੇ ਹਮਾਇਤੀਆਂ ਦਾ ਜੋ ਹਸ਼ਰ ਹੋਇਆ, ਉਸ ਨੂੰ ਸੁਣ ਕੇ ਬਾਕੀ ਪਹਾੜੀ ਰਾਜਿਆਂ ਨੂੰ ਸੁੱਕੀਆਂ ਤ੍ਰੇਲੀਆ ਆਉਣ ਲੱਗ ਪੱਈਆਂ ਤੇ ਲਗੀਆਂ ਨਬਜ਼ਾਂ ਖਲੋਣ। ਵਧੇ ਆ ਰਹੇ ਖਾਲਸੇ ਦੇ ਯਲਗ਼ਾਰ ਮੂਹਰੇ ਜੇ ਅੜਨ ਦੀ ਕੋਸ਼ਿਸ਼ ਕੀਤੀ ਤਾਂ ਮੌਤ ਦਾ ਮਾਂਜਾ ਫਿਰ ਜਾਵੇਗਾ, ਇਸ ਖਿਆਲ ਨੇ ਹੀ ਉਨ੍ਹਾਂ ਦੀ ਆਤਮਾ ਨੂੰ ਕਾਂਬਾ ਛੇੜ ਦਿਤਾ। ਉਨ੍ਹਾਂ ਬੰਦਾ ਸਿੰਘ ਅਗੇ ਅਧੀਨਗੀ ਵਿਚ ਹੀ ਆਪਣਾ ਬਚਾਅ ਸਮਝਿਆ। ਬਹੁਤ ਸਾਰੇ ਰਾਜੇ ਬੰਦਾ ਸਿੰਘ ਦੇ ਕੈਂਪ ਵਿਚ ਨਜ਼ਰਾਨੇ ਲੈ ਕੇ ਹਾਜ਼ਰ ਹੋਏ ਤੇ ਤਾਬਿਆਦਾਰੀ ਦਾ ਭਰੋਸਾ ਦਿਵਾਇਆ।[੩]

ਬੰਦਾ ਸਿੰਘ ਪਾਸ ਜੋ ਸਭ ਤੋਂ ਪਹਿਲਾਂ ਅਧੀਨਗੀ ਵਜੋਂ ਨਜ਼ਰਾਨਾ ਭੇਟ ਕਰਨ ਆਇਆ, ਉਹ ਮੰਡੀ ਦਾ ਰਾਜਾ ਸਿਧਸੈਨ ਸੀ। ਉਸ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਉਹ ਗੁਰੂ ਨਾਨਕ ਦੇ ਘਰ ਨੂੰ ਮੰਨਣ ਵਾਲਾ ਹੈ ਤੇ ਉਸ ਦੇ ਘਰ ਨੂੰ ਕਲਗੀਧਰ ਜੀ ਨੇ ਆਪਣੀ ਚਰਨ-ਛੂਹ ਨਾਲ ਪਵਿੱਤਰ ਕੀਤਾ ਹੈ। ਸਤਿਗੁਰੂ ਦੀ ਉਸਦੇ ਘਰ ਤੇ ਬੜੀ ਕ੍ਰਿਪਾਦ੍ਰਿਸ਼ਟੀ ਹੈ। ਇਹ ਸੁਣ ਕੇ ਬੰਦਾ ਸਿੰਘ ਬੜਾ ਖੁਸ਼ ਹੋਇਆ ਤੇ ਉਸ ਨੂੰ ਅਸ਼ੀਰਵਾਦ ਦਿਤਾ ਕਿ ਤੇਰਾ ਰਾਜ ਸਦਾ ਬਣਿਆ ਰਹੇ। ਜੋ ਜੋ ਰਾਜਾ ਖਾਲਸਾ ਜੀ ਦੀ ਸ਼ਰਨ ਆਇਆ, ਉਸ ਨੂੰ ਬਖਸ਼ਿਆ ਤੇ ਉਨ੍ਹਾਂ ਦੇ ਰਾਜ ਬਣੇ ਰਹਿਣ ਦਿਤੇ। ਹਾਂ ਜੋ ਆਕੜੇ, ਉਨ੍ਹਾਂ ਦੇ ਅਕੜੇਵੇਂ ਜ਼ਰਾ ਸਵਾਰ ਕੇ ਕੱਢ ਦਿਤੇ ਗਏ।

ਮੰਡੀ ਤੋਂ ਬੰਦਾ ਸਿੰਘ ਦਾ ਰੁਖ ਕੁਲੂ ਵਲ ਹੋ ਗਿਆ। ਜਦੋਂ ਸੁਲਤਾਨਪੁਰ ਪੁਜੇ ਤਾਂ ਇਕ ਦਿਨ ਬੰਦਾ ਸਿੰਘ ਜੰਗਲ ਵਿਚ ਜਦ ਇਕੱਲਾ ਹੀ ਵਿਚਰ ਰਿਹਾ ਸੀ, ਕੁਲੂ ਦੇ ਰਾਜੇ ਦੇ ਸਿਪਾਹੀਆਂ ਦੇ ਹੱਥ ਆ ਗਿਆ, ਜਿਨ੍ਹਾਂ ਨੇ ਉਸ ਨੂੰ ਰਾਜੇ ਪਾਸ ਪਹੁੰਚਾ ਦਿਤਾ। ਉਸ ਨੇ ਫੜਿਆ ਸ਼ੇਰ ਝਟ ਪਿੰਜਰੇ ਪਾ ਲਿਆ। ਕਿਉਂਕਿ ਉਸ ਨੂੰ ਵੀ ਬਾਕੀ ਰਾਜਿਆਂ ਵਾਂਗ ਬੰਦਾ ਸਿੰਘ ਨੂੰ ਫੜਨ ਦਾ ਹੁਕਮ ਪੁੱਜਾ ਹੋਇਆ ਸੀ। ਰਾਜੇ ਨੇ ਆਪਣੀ ਵਫ਼ਾਦਾਰੀ ਨੂੰ ਉਜਾਗਰ ਕਰਨ ਦਾ ਸੋਹਣਾ ਮੌਕਾ ਹੱਥ ਆਇਆ ਵੇਖ ਕੇ ਉਸ ਨੂੰ ਪਿੰਜਰੇ ਪਾ ਲਿਆ ਸੀ ਕਿ ਬੰਦਾ ਸਿੰਘ ਦੇ ਫਰਾਰ ਹੋ ਜਾਣ ਦਾ ਤੌਖਲਾ ਨਾ ਰਹੇ। ਉਸਨੂੰ ਉਹ ਬਹਾਦਰ ਸ਼ਾਹ ਦੀ ਫ਼ੌਜ ਦੇ ਉਨ੍ਹਾਂ ਸਿਪਾਹੀਆਂ ਦੇ ਹਵਾਲੇ ਕਰਨਾ ਚਾਹੁੰਦਾ ਸੀ ਜੋ ਉਸ ਦੀ ਭਾਲ ਵਿੱਚ ਪਹਾੜੀ ਰਿਆਸਤਾਂ ਵਿਚ ਫਿਰ ਰਹੇ ਸਨ। ਜਦ ਇਸ ਗੱਲ ਦੀ ਖ਼ਬਰ ਮੰਡੀ ਦੇ ਰਾਜਾ ਸਿਧਸੈਨ ਨੂੰ ਮਿਲੀ ਤਾਂ ਉਸ ਨੇ ਕੁਲੂ ਦੇ ਰਾਜਾ ਮਾਨ ਸਿੰਘ ਤੇ ਹਮਲਾ ਕਰ ਕੇ ਬੰਦਾ ਸਿੰਘ ਨੂੰ ਛੁਡਾਉਣ ਲਈ ਤਿਆਰੀ ਕਰ ਦਿਤੀ। ਅਜੇ ਫ਼ੌਜ ਨੇ ਕੂਚ ਨਹੀਂ ਸੀ ਕੀਤਾ ਕਿ ਬੰਦਾ ਸਿੰਘ ਕਿਸੇ ਢੰਗ ਨਾਲ ਕੈਦ ਚੋਂ ਨਿਕਲ ਕੇ ਮੰਡੀ ਆ ਗਿਆ।

ਇਥੇ ਮੰਡੀ ਵਿਖੇ ਸਿੰਘ ਬਹੁਤੀ ਦੇਰ ਟਿਕੇ ਨਹੀਂ। ਚੰਬੇ ਵਲ ਨੂੰ ਚੜ੍ਹ ਪਏ। ਇਸ ਵੇਲੇ ਇਥੇ ਰਾਜਾ ਉਦੇ ਸਿੰਘ ਦਾ ਰਾਜ ਸੀ। ਜਦ ਰਾਜੇ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਆਪਣਾ ਵਜ਼ੀਰ ਨਜ਼ਰਾਨਾ ਦੇ ਕੇ ਬੰਦਾ ਸਿੰਘ ਪਾਸ ਭੇਜਿਆ ਕਿ ਉਹ ਪਤਾ ਕਰੇ ਕਿ ਬੰਦਾ ਸਿੰਘ ਦੀ ਕੀ ਇੱਛਾ ਹੈ। ਵਜ਼ੀਰ ਨੇ ਭੇਟਾ ਰਖ ਕੇ ਨਮਸਕਾਰ ਕੀਤੀ। ਵਜ਼ੀਰ ਦੀ ਗੱਲ ਸੁਣ ਸਮਝ ਕੇ ਬੰਦਾ ਸਿੰਘ ਨੇ ਉਸ ਨੂੰ ਧੀਰਜ ਦੇਂਦਿਆਂ ਕਿਹਾ ਕਿ ਤੁਸੀਂ ਡਰੋ ਨਹੀਂ। ਖਾਲਸਾ ਸ਼ਰਨ ਆਇਆਂ ਤੇ ਕਦੀ ਹੱਥ ਨਹੀਂ ਚੁਕਦਾ, ਰਕਸ਼ਾ ਤੇ ਮੁਆਫ਼ ਬਖਸ਼ਦਾ ਹੈ। ਚੰਬੇ ਦੀ ਰਿਆਸਤ ਤੇ ਹਮਲਾ ਕਰਨ ਦਾ ਸਾਡਾ ਕੋਈ ਇਰਾਦਾ ਨਹੀਂ, ਸਿਰਫ ਚੰਬੇ ਸ਼ਹਿਰ ਦੀ ਸੈਰ ਕਰਨੀ ਹੈ। ਆਵਾਂਗਾ ਵੀ ਮੈਂ ਇਕੱਲਾ ਹੀ ਤੇ ਸੈਰ ਕਰ ਕੇ ਮੁੜ ਜਾਵਾਂਗਾ। ਵਜ਼ੀਰ ਨੇ ਪਰਵਾਨ ਕਰ ਲਿਆ ਤੇ ਉਚੇ ਪਹਾੜਾਂ ਦੇ ਔਖੇ ਰਾਹੀਂ ਲੰਘਾ ਕੇ ਨਾਲ ਹੀ ਲੈ ਆਇਆ। ਰਾਜਾ ਉਦੇ ਸਿੰਘ ਨੇ ਬੰਦਾ ਸਿੰਘ ਦਾ ਬੜਾ ਨਿੱਘਾ ਸਵਾਗਤ ਕੀਤਾ ਤੇ ਖ਼ੂਬ ਆਉ-ਭਗਤ ਕੀਤੀ। ਥੋੜੇ ਦਿਨਾਂ ਵਿਚ ਬੰਦਾ ਸਿੰਘ ਦੀ ਸੁਹਬਤ ਦਾ ਰਾਜੇ ਤੇ ਐਸਾ ਪ੍ਰਭਾਵ ਪਿਆ ਕਿ ਉਹ ਉਸ ਦਾ


www.AKJ.Org

ਸੇਵਕ ਬਣ ਗਿਆ ਅਤੇ ਨਾਲ ਹੀ ਰਾਜ-ਘਰਾਣੇ ਦੀ ਇਕ ਸੁੰਦਰ ਕੁਮਾਰੀ ਨਾਲ ਉਸ ਦਾ ਵਿਆਹ ਵੀ ਕਰਵਾ ਦਿਤਾ। ਇਸ ਦੀ ਕੁਖ ਤੋਂ ਸੰਨ ੧੭੧੧ ਈ: ਦੇ ਅੰਤ ਵਿਚ ਇਕ ਪੁਤਰ ਨੇ ਜਨਮ ਲਿਆ, ਜਿਸ ਦਾ ਨਾਉਂ ਅਜੈ ਸਿੰਘ ਰਖਿਆ ਗਿਆ (ਇਹੋ ਬੱਚਾ ਹੀ ਬੰਦਾ ਸਿੰਘ ਦੇ ਨਾਲ ਦਿਲੀ ਸ਼ਹੀਦ ਕੀਤਾ ਗਿਆ ਸੀ)।

੧੧ ਦਸੰਬਰ ੧੭੧੦ ਈ: ਦੀ ਰਾਤ ਨੂੰ ਲੋਹਗੜ੍ਹ ਖਾਲੀ ਕਰ ਜਾਣ ਤੋਂ ਬਾਅਦ ੩ ਕੁ ਮਹੀਨੇ ਬੰਦਾ ਸਿੰਘ ਇਨ੍ਹਾਂ ਪਹਾੜੀ ਰਾਜਿਆਂ ਦੀ ਖਬਰ ਸਾਰ ਲੈਂਦਾ ਰਿਹਾ ਤੇ ਨਾਲ ਨਾਲ ਆਪਣੀ ਤਾਕਤ ਨੂੰ ਵੀ ਵਧਾਈ ਗਿਆ। ਫ਼ਰਵਰੀ-ਮਾਰਚ ੧੭੧੧ ਈ:, ਭਾਵ ਤਿੰਨਾਂ ਮਹੀਨਿਆਂ ਪਿਛੋਂ ਬੰਦਾ ਸਿੰਘ ਨੇ ਪਹਾੜਾਂ ਤੋਂ ਉਤਰ, ਰਾਇਪੁਰ ਅਤੇ ਬਹਿਰਾਮ ਪਾਸ ਆਣ ਦਰਸ਼ਨ ਦਿਤੇ ਤੇ ਲਗਾ ਗੁਰਦਾਸਪੁਰ ਵਲ ਹੱਥ ਮਾਰਨ। ਉਹ ਮੁਗਲ ਤਾਕਤ ਨੂੰ ਜੋਹਣਾ ਤੇ ਬਹਾਦਰਸ਼ਾਹ ਨੂੰ ਦਸਣਾ ਚਾਹੁੰਦਾ ਸੀ ਕਿ ਲੋਹਗੜ੍ਹ ਖਾਲੀ ਕਰਨ ਨਾਲ ਗੱਲ ਮੁੱਕੀ ਨਹੀਂ, ਖਾਲਸਾ ਏਡੀ ਛੇਤੀ ਮੁਗਲਾਂ ਦੇ ਗਲੋਂ ਲਹਿਣ ਵਾਲਾ ਨਹੀਂ। ਇਥੇ ਮੁਗਲਾਂ ਦਾ ਜ਼ੁਲਮੀ ਰਾਜ ਰਹੇਗਾ ਜਾਂ ਖਾਲਸਾ। ਸਿਰਫ਼ ਇਕੋ ਧਿਰ, ਦੋਵੇਂ ਨਹੀਂ।

**–ਚਲਦਾ]**

## ਫੁੱਟ ਨੋਟ ਤੇ ਹਵਾਲੇ

1. **ਫਤਿਹ ਸ਼ਾਹ** :–ਯਾਦ ਰਹੇ ਕਿ ਇਹ ਉਹੋ ਫ਼ਤਿਹਸ਼ਾਹ ਹੈ ਜੋ ਗੁਰੂ ਘਰ ਨਾਲ ਬੜੀ ਸ਼ਰਧਾ ਰਖਦਾ ਸੀ ਤੇ ਗੁਰੂ ਗੋਬਿੰਦ ਸਿੰਘ (ਉਸ ਵੇਲੇ ਗੋਬਿੰਦ ਰਾਇ) ਜੀ ਨਾਲ ਬਹੁਤ ਪ੍ਰੇਮ ਰਖਦਾ ਸੀ। ਇਸ ਦੀ ਲੜਕੀ, ਜੋ ਅਜਮੇਰ ਚੰਦ ਪੁਤਰ ਭੀਮ ਚੰਦ ਕਹਿਲੂਰੀਏ ਨਾਲ ਮੰਗੀ ਸੀ, ਦੀ ਸ਼ਾਦੀ ਸਮੇਂ ਇਸ ਨੇ ਵਿਸ਼ੇਸ਼ ਤੌਰ ਤੇ ਗੁਰੂ ਮਹਾਰਾਜ ਨੂੰ ਸਦਿਆ ਸੀ। ਗੁਰੂ ਮਹਾਰਾਜ ਖ਼ੁਦ ਨਾ ਗਏ, ਪਰ ਦੀਵਾਨ ਨੰਦ ਚੰਦ ਨੂੰ ਦੋ ਲਖ ਦਾ ਤੰਬੋਲ ਦੇ ਘਲਾਇਆ ਸੀ। ਭੀਮ ਚੰਦ ਜੰਞ ਚੜ੍ਹਿਆ ਤਾਂ ਬਿਲਾਸਪੁਰੋਂ ਕਾਫ਼ੀ ਫ਼ੌਜ ਨਾਲ ਲੈ ਤੁਰਿਆ ਤੇ ਡੀਂਗ ਮਾਰੀ ਸੀ ਕਿ ਮਾਖੋਵਾਲੋਂ ਭਜ ਕੇ ਗੁਰੂ ਪਾਉਂਟੇ (ਨਾਹਨ ਦੇ ਇਲਾਕੇ ਵਿਚ) ਸਿਰ ਲੁਕਾਈ ਬੈਠਾ ਹੈ, ਇਥੇ ਵੀ ਟਿਕਣ ਨਹੀਂ ਦੇਣਾ। ਜਿਹੜੀਆ ਚੀਜ਼ਾਂ ਮੰਗਣ ਤੇ ਨਹੀਂ ਸੀ ਦਿਤੀਆਂ, ਤਲਵਾਰੀਂ ਖੋਹ ਕੇ ਖੜਾਂਗਾ। ਸਾਰਾ ਡੇਰਾ ਲੁਟਣਾ ਹੈ। ਇਥੋਂ ਦੇ ਉਖੜੇ ਨੂੰ ਮਾਖੋਵਾਲ ਵੀ ਨਹੀਂ ਵੜਨ ਦੇਣਾ। ਫੇਰ ਵੇਖੂੰ ਇਸਦੀ ਗੁਰਿਆਈ ਚਲਦੀ! ਇਕ ਪੰਥ ਦੋ ਕਾਜ। ਜਾਂਦਿਆਂ ਗੁਰੂ ਦਾ ਡੇਰਾ ਲੁਟ ਪੁਟ ਲੈ ਜਾਣਾ ਹੈ, ਦਾਅ ਭਰ ਗਿਆ ਤਾਂ ਗੁਰੂ ਨੂੰ ਵੀ ਠਿਕਾਣੇ ਲਾ ਦੇਣਾ ਹੈ। ਵਿਆਹੋਂ ਵੇਹਲੇ ਹੋ ਕੇ ਨਾਹਨ ਵਾਲੇ ਦੀ ਖ਼ਬਰ ਲਵਾਂਗੇ, ਜੋ ਗੁਰੂ ਦਾ ਏਡਾ ਹੇਜਲਾ ਬਣਿਆ ਹੋਇਆ ਹੈ। ਇਹ ਕਿੰਨੇ ਭਾਗਾਂ ਵਾਲੀ ਸ਼ਾਦੀ ਹੈ ਕੰਵਰ ਜੀ ਦੀ, ਜੋ ਏਨੇ ਕੰਮ ਇਕੱਠੇ ਹੀ ਰਾਸ ਆਉਣਗੇ।

ਇਨ੍ਹਾਂ ਡੀਂਗਾਂ ਤੇ ਮਨਸੂਬਿਆਂ ਦਾ ਪਾਉਂਟੇ ਵਿਖੇ ਗੁਰੂ ਸਾਹਿਬ ਨੂੰ ਵੀ ਪਤਾ ਲੱਗ ਗਿਆ ਸੀ। ਉਨ੍ਹਾਂ ਵੀ ਭੀਮ ਚੰਦ ਨੂੰ ਆਖ ਘਲਾਇਆ ਕਿ ਜਿੰਨੀ ਮਰਜ਼ੀ ਫ਼ੌਜ ਤੇ ਹਮਾਇਤੀ ਇਕੱਠੇ ਕਰ ਲਿਆਵੇ, ਅਸਾਂ ਇਹ ਜੰਞ ਇਥੋਂ ਦੀ ਨਹੀਂ ਲੰਘਣ ਦੇਣੀ। ਰਾਜੇ ਨੂੰ ਦਿਸਿਆ ਕਿ ਗੱਲ ਤਾਂ ਮਹਿੰਗੀ ਪਈ। ਪ੍ਰੋਹਤ ਭੇਜਿਆ ਕਿ ਮਹਾਰਾਜ ਦਇਆ ਕਰੋ, ਸੁਧੇ ਹੋਏ ਲਗਣ ਸਿਰ ਫੇਰੇ ਨਹੀਂ ਹੋ ਸਕਣਗੇ। ਗੁਰੂ ਜੀ ਨੇ ਸਿਰਫ਼ ਲਾੜਾ ਤੇ ਪ੍ਰੋਹਤ ਨੂੰ ਲੰਘ ਜਾਣ ਦੀ ਆਗਿਆ ਦਿਤੀ, ਲਾੜਾ ਘੋੜੇ ਤੇ ਚੜ੍ਹ ਕੇ ਨਹੀਂ, ਪਾਲਕੀ ਵਿਚ ਬਹਿ ਕੇ। ਬਾਕੀ ਸਾਰੀ ਜੰਞ ਤੇ ਫ਼ੌਜ ਨਾਹਨ ਰਿਆਸਤ ਦੀ ਹਦੋਂ ਬਾਹਰ ਦੀ ਹੋ ਕੇ, ਔਖੇ ਰਾਹੀਂ ਲੰਘ ਕੇ ਮੁਸ਼ਕਲ ਨਾਲ ਸਮੇਂ ਸਿਰ ਸ੍ਰੀ ਨਗਰ ਪੁੱਜੀ।

ਖਟ ਦਾ ਸਮਾਂ ਹੋਇਆ, ਫਤਿਹ ਸ਼ਾਹ ਨੇ ਜੋ ਹੋਰ ਰਾਜੇ ਸਦੇ ਹੋਏ ਸਨ, ਸਾਰਿਆਂ ਨਿਉਂਦਾ ਪਾਇਆ। ਦੀਵਾਨ ਨੰਦ ਚੰਦ ਨੇ ਗੁਰੂ ਜੀ ਵਲੋਂ ਬਖਸ਼ਿਸ਼ ਹੋਇਆ ਤੰਬੋਲ ਦਿਤਾ, ਜੋ ਦੋ ਲੱਖ ਦਾ ਸੀ। ਖਟ ਹੋਕੀ ਗਈ ਤਾਂ ਜਦ ਗੁਰੂ ਜੀ ਦੇ ਦੋ ਲੱਖ ਦੇ ਤੰਬੋਲ ਦਾ ਪ੍ਰੋਹਤ ਨੇ ਬੜੇ ਮਾਣ ਸਤਿਕਾਰ ਨਾਲ ਤਾਅਰੀਫ਼ ਕਰਕੇ ਜ਼ਿਕਰ ਕੀਤਾ ਤਾਂ ਭੀਮ ਚੰਦ ਨੂੰ ਤਾਂ ਸੱਤੀਂ ਕੱਪੜੀਂ ਅੱਗ ਲੱਗ ਗਈ। ਪਹਿਲੀ ਗੱਲ ਤਾਂ ਇਹ ਕਿ ਤੰਬੋਲ ਹੀ ਸਾਰਿਆਂ ਰਾਜਿਆਂ ਦੇ ਤੰਬੋਲ ਨਾਲੋਂ ਕਿਤੇ ਜ਼ਿਆਦਾ ਸੀ। ਦੂਜਾ ਗੁਰੂ ਗੋਬਿੰਦ ਰਾਏ ਵਲੋਂ ਸੀ, ਜਿਸ ਦੇ ਹੱਥੋਂ ਰਾਜਾ ਜੰਞ ਤੇ ਫੌਜ ਸਣੇ ਖਜਲ ਖੁਆਰ ਹੋ ਕੇ ਮੁਸ਼ਕਲ ਨਾਲ ਸਮੇਂ ਸਿਰ ਅੱਪੜਿਆ ਸੀ। ਈਰਖਾ ਵਿਚ ਭੁਜੇ ਹੋਏ ਨੇ ਫਤਿਹ ਸ਼ਾਹ ਤੇ ਜ਼ੋਰ ਪਾਇਆ ਕਿ ਇਹ ਤੰਬੋਲ ਕਬੂਲ ਨਾ ਕਰੇ, ਸਗੋਂ ਸਿਖਾਂ ਨੂੰ ਤੁਰੰਤ ਚਲੇ ਜਾਣ ਲਈ ਕਹੇ। ਫਤਿਹ ਸ਼ਾਹ ਨੇ ਬੜੀ



www.AKJ.Org

ਮਿੰਨਤ ਸਮਾਜਤ ਕੀਤੀ, ਪਰ ਕੋਈ ਪੇਸ਼ ਨਾ ਗਈ। ਉਸ ਨੇ ਧਮਕੀ ਦਿਤੀ ਕਿ ਜੇ ਗੁਰੂ ਗੋਬਿੰਦ ਰਾਏ ਨਾਲ ਸੰਬੰਧ ਰਖਣਾ ਹੈ ਤਾਂ ਸਾਡੇ ਨਾਲ ਰਿਸ਼ਤਾ ਨਹੀਂ ਹੋ ਸਕਦੈ। ਅਸੀਂ ਚਲਦੇ ਭਲੇ। ਫਤਿਹ ਸ਼ਾਹ ਨੇ ਜਦ ਕੋਈ ਚਾਰਾ ਨਾ ਚਲਦਾ ਡਿਠਾ ਤਾਂ ਬੜੀ ਨਿਮਰਤਾ ਨਾਲ ਦੀਵਾਨ ਨੰਦ ਚੰਦ ਨੂੰ ਆਪਣੀ ਮਜਬੂਰੀ ਦਸ ਕੇ ਸਭ ਕੁਝ ਵਾਪਸ ਕਰ ਦਿਤਾ। ਸਿਖ ਤੰਬੋਲ ਲੈ ਕੇ ਵਾਪਸ ਡੇਰੇ ਆ ਗਏ। ਭੀਮ ਚੰਦ ਦਾ ਇਰਾਦਾ ਸੀ ਕਿ ਰਾਤ ਨੂੰ ਹਮਲਾ ਕਰ ਕੇ ਸਿੱਖਾਂ ਦਾ ਸਾਰਾ ਸਾਜ਼ੋ ਸਾਮਾਨ ਤੇ ਤੰਬੋਲ ਲੁਟ ਲਿਆ ਜਾਵੇ। ਦੀਵਾਨ ਨੰਦ ਚੰਦ ਦੇ ਸਾਥੀਆਂ ਨੇ ਭੀਮ ਚੰਦ ਦੀ ਨੀਅਤ ਤਾੜ ਲਈ। ਤੰਬੋਲ ਦਾ ਸਾਮਾਨ ਦੇ ਕੇ ਕੁਝ ਘੋੜ-ਸਵਾਰ ਅੰਨ੍ਹੇਰਾ ਹੋਣ ਦੇ ਨਾਲ ਪਾਉਂਟਾ ਸਾਹਿਬ ਵਲ ਨੂੰ ਤੋਰ ਦਿਤੇ। ਚੋਣਵੇਂ ਜਾਨਬਾਜ਼ ਸਿੱਖਾਂ ਨਾਲ ਭੀਮ ਚੰਦ ਦੇ ਡੇਰੇ ਤੇ ਸ਼ਬਖ਼ੂਨ ਮਾਰਿਆ, ਚੰਗੇ ਚੰਗੇ ਘੋੜੇ ਤੇ ਹੋਰ ਸਾਜ਼ੋ ਸਾਮਾਨ ਜੋ ਹੱਥ ਲੱਗਾ, ਲੈ ਲਿਆ ਤੇ ਜੋ ਅੜਿਆ, ਚੰਡੀ ਦੀ ਭੇਟ ਕਰਕੇ ਰਾਤ ਹੀ ਸ੍ਰੀ ਨਗਰੋਂ ਨਿਕਲ ਗਏ। ਭੀਮ ਚੰਦ ਦੇ ਦਿਲ ਦੀ ਦਿਲ 'ਚ ਰਹਿ ਗਈ। ਸਵੇਰੇ ਜਦ ਜਾਨੀ ਮਾਲੀ ਨੁਕਸਾਨ ਦਾ ਵੇਰਵਾ ਮਿਲਿਆ ਤਾਂ ਸਿਰ ਪਿਟਦਾ ਹੋਇਆ ਵਾਹ-ਦੁਆਹ ਬਕੀ ਜਾਵੇ। ਮਗਰ ਘਲੇ ਗਏ ਸਿਪਾਹੀ ਸਿੱਖਾਂ ਦੀ ਧੂੜ ਨੂੰ ਵੀ ਨਾ ਪਾ ਸਕੇ।

ਕੁੜਮਾ-ਚਾਰੀ ਦੇ ਦਬਾਅ ਥਲੇ ਫਤਿਹ ਸ਼ਾਹ ਭੰਗਾਣੀ ਦੇ ਯੁਧ ਵਿਚ ਭੀਮ ਚੰਦ ਵਲੋਂ ਹੋ ਕੇ ਦਸਮੇਸ਼ ਜੀ ਦੇ ਵਿਰੁਧ ਲੜਿਆ ਤੇ ਤਕੜੀ ਹਾਰ ਦਾ ਕਲੰਕ ਖਟਿਆ।

2. **ਮੀਆਂ** :–ਸਰਦਾਰ, ਮਾਲਿਕ, ਸੁਆਮੀ, ਬਾਪ, ਪੂਜਣ ਯੋਗ, ਵਡੇਰਾ, ਰਾਜਪੂਤਾਂ ਦੀ ਇਕ ਜਾਤਿ, ਪਹਾੜੀ ਰਾਜਿਆਂ ਦੇ ਰਾਜਕੁਮਾਰਾਂ ਦੀ ਉਪਾਧੀ।

ਜੋ ਸਿਰ-ਕਢ ਤੇ ਮੁਅਤਬਰ ਲੋਕ ਬਾਦਸ਼ਾਹ ਤੇ ਰਿਆਇਆ ਦੇ ਵਿਚਕਾਰ (ਦਰਮਿਆਨਾ) ਮੇਲ ਜੋਲ ਤੇ ਵਿਚੋਲਗੀ ਦਾ ਕੰਮ ਕਰਦੇ ਸਨ, ਉਹੋ ਹੀ "ਦਰਮਿਆਨੀ" ਅਖਵਾਉਂਦੇ ਸਨ, ਇਨ੍ਹਾਂ ਦੀ ਸਰਕਾਰੇ ਦਰਬਾਰੇ ਬੜੀ, ਪੁਛ ਪ੍ਰਤੀਤ ਹੁੰਦੀ ਸੀ। ਇਹੋ ਹੀ ਵਿਗੜਦਾ ਵਿਗੜਦਾ "ਮੀਆਂ" ਬਣ ਗਿਆ। ਹੁਸ਼ਿਆਰਪੁਰ ਜਲੰਧਰ ਦੇ ਚੋਧਰੀਆਂ ਵਾਂਗ ਅੱਜ ਵੀ ਪਹਾੜਾਂ ਵਿਚ ਅਹਿਲੇ ਹੈਸੀਅਤ ਤੇ ਚਲਦੇ ਪੁਰਜ਼ੇ ਨੂੰ ਮੀਆਂ ਕਿਹਾ ਜਾਂਦਾ ਹੈ। ਭੀਮ ਚੰਦ ਨੇ ਜੋ ਫੋਜ ਇਕੱਠੀ ਕੀਤੀ ਸੀ ਤੇ ਜੋ ਖਾਲਸੇ ਹਥੋਂ ਮਾਰੀ ਗਈ, ਉਸ ਵਿਚ ਮਰਨ ਵਾਲੇ ੧੩੦੦ **ਮੀਏਂ** ਹੀ ਸਨ।

3. ਸ: ਰਤਨ ਸਿੰਘ ਭੰਗੂ:–ਪ੍ਰਾਚੀਨ ਪੰਥ ਪ੍ਰਕਾਸ਼, ਸਫ਼ਾ 128-31 (ਪੁਰਾਣੀ ਛਾਪ)

## ਦੁਬਿਧਾ ਤੇ ਹਉਮੈ

ਹਉਮੈ ਦੇ ਕਾਰਨ ਮਨੁੱਖ ਦੇ ਅੰਦਰ ਮੇਰ-ਤੇਰ ਵਧਦੀ ਹੈ, ਵਿਤਕਰਾ ਪੱਕਾ ਹੁੰਦਾ ਜਾਂਦਾ ਹੈ, ਆਪਣਾ-ਪਨ ਤੇ ਬਿਗਾਨਾ-ਪਨ ਬਣਦਾ ਜਾਂਦਾ ਹੈ। ਸਤਿਗੁਰੂ ਜੀ ਨੇ ਇਸ ਹਾਲਤ ਨੂੰ ਬਿਆਨ ਕਰਨ ਵਾਸਤੇ ਲਫ਼ਜ਼ 'ਦੁਬਿਧਾ' ਵਰਤਿਆ ਹੈ। 'ਦੁਬਿਧਾ' ਦਾ ਅਰਥ ਹੈ "ਦੋ ਕਿਸਮ ਦਾ", "ਦੋ ਹਿਸਿਆਂ ਵਿਚ ਵੰਡਿਆ ਹੋਇਆ"। ਮਨ ਦੀ ਇਹੀ ਅਵਸਥਾ ਵਿਤਕਰਿਆਂ ਦਾ ਮੂਲ ਹੈ। ਇਹ 'ਦੁਬਿਧਾ' ਕਿਥੋਂ ਪੈਦਾ ਹੁੰਦੀ ਹੈ? ਹਉਮੈ ਤੋਂ।

'ਹਉਮੈ' ਦੋ ਲਫ਼ਜ਼ਾਂ ਦਾ ਜੋੜ ਹੈ 'ਹਉ' ਅਤੇ 'ਮੈਂ'। 'ਹਉ' ਸੰਸਕ੍ਰਿਤ ਦੇ ਲਫ਼ਜ਼ 'ਅਹੰ' ਦਾ ਪ੍ਰਾਕ੍ਰਿਤ ਰੂਪ ਹੈ, ਜਿਸ ਦਾ ਅਰਥ ਹੈ 'ਮੈਂ'। ਸੋ, 'ਹਉਮੈ' ਦਾ ਅਰਥ ਹੈ 'ਮੈਂ ਮੈਂ'। ਹਰ ਗੱਲੇ, ਹਰ ਥਾਂ, ਹਰ ਵੇਲੇ ਇਹ ਖ਼ਿਆਲ ਟਿਕਿਆ ਰਹਿਣਾ ਕਿ "ਮੈਂ ਵੱਡਾ ਬਣ ਜਾਵਾਂ, ਮੈਂ ਅਮੀਰ ਹੋ ਜਾਵਾਂ, ਇਸ ਕੰਮ ਵਿਚੋਂ ਮੈਂ ਹੀ ਖੱਟ ਲਵਾਂ, ਮੈਂ ਹੀ ਮੈਂ, ਮੈਂ ਹੀ ਮੈਂ"। ਭਾਵ, ਸੁਆਰਥ, ਖ਼ੁਦਗਰਜ਼ੀ। ਜਿਸ ਮਨੁੱਖ ਨੇ ਸੁਆਰਥ ਨੂੰ ਹੀ ਜੀਵਨ ਦਾ ਨਿਸ਼ਾਨਾ ਬਣਾ ਲਿਆ ਹੋਵੇ, ਉਹ ਕੁਦਰਤੀ ਤੌਰ ਤੇ ਵਿਤਕਰਿਆਂ ਵਿਚ ਫਸ ਜਾਂਦਾ ਹੈ, ਦੂਜਿਆਂ ਦਾ ਨੁਕਸਾਨ ਕਰ ਕੇ ਭੀ ਆਪਣਾ ਲਾਭ ਸੋਚਦਾ ਹੈ।

ਟੱਬਰ, ਕੌਮ, ਦੇਸ਼, ਦੁਨੀਆ, ਕਿਤੇ ਭੀ ਧਿਆਨ ਮਾਰ ਕੇ ਵੇਖ ਲਵੋ, ਹਰ ਥਾਂ ਸੁਆਰਥ ਹੀ ਵੈਰ-ਵਿਰੋਧ ਦਾ ਮੂਲ ਹੈ। ਇਕੋ ਘਰ ਦੇ ਜੀਵ ਖ਼ੁਦਗਰਜ਼ੀ ਦੇ ਕਾਰਨ ਵੈਰੀ ਬਣ ਜਾਂਦੇ ਹਨ, ਇਕੋ ਕੌਮ ਦੇ ਬੰਦੇ, ਇਕ ਦੇਸ ਦੇ ਵਸਨੀਕ ਇਕ ਦੂਜੇ ਦੇ ਲਹੂ ਦੇ ਤ੍ਰਿਹਾਏ ਹੋ ਜਾਂਦੇ ਹਨ, ਦੇਸ ਦੇਸ ਦੀ ਆਪੋ ਵਿਚ ਟੱਕਰ ਲੱਗ ਜਾਂਦੀ ਹੈ। ਇਹ ਸੁਆਰਥ ਦੁਨੀਆ ਨੂੰ ਨਰਕ ਬਣਾ ਦੇਂਦਾ ਹੈ। ਸੁਆਰਥੀ ਬੰਦਾ ਦੂਜਿਆਂ ਨੂੰ ਭੀ ਦੁਖੀ ਕਰਦਾ ਹੈ, ਤੇ ਆਪ ਭੀ ਸੁਖੀ ਨਹੀਂ ਰਹਿ ਸਕਦਾ।

[ਪ੍ਰੋ: ਸਾਹਿਬ ਸਿੰਘ ਜੀ ਲਿਖਤ ਕ੍ਰਿਤ 'ਸਟੀਕ ਸਿਧ ਗੋਸਟਿ' ਚੋਂ

www.AKJ.Org

# ਧੰਨ ਧੰਨ ਏਹ ਸਿੱਖੀ ਏ

(ਸ: ਅਤਰ ਸਿੰਘ ਨੀਰ, 62, ਸੈਨਕ ਵਿਹਾਰ, ਦਿੱਲੀ-34)

ਪਰਚੇ ਪਾ ਪਾ ਕੇ
ਤੇ ਤਰਲੇ ਲਾ ਲਾ ਕੇ
ਦੁਨੀਆ ਨੇ ਵੇਖ ਲਿਆ
ਦੁਨੀਆ ਨੇ ਘੋਖ ਲਿਆ
ਹਰ ਔਖੀ ਘਾਟੀ ਤੇ
ਹਰ ਔਖੀ ਮਨਜ਼ਲ ਤੇ
ਕੰਡਿਆਂ ਦੀਆਂ ਵਾੜਾਂ ਤੇ
ਸੂਲਾਂ ਤੋਂ ਤਿਖੇ ਰਾਹ
ਕੋਈ ਰੋਕ ਨਾ ਪਾ ਸਕੇ
ਕੋਈ ਟੋਕ ਨ ਪਾ ਸਕੇ।
ਕੋਈ ਚਿਕਨੀ ਚੁਪੜੀ ਵੀ
ਕੋਈ ਤਿਲ੍ਹਕਣ-ਬਾਜ਼ੀ ਵੀ
ਕੋਈ ਲਾਲਚ ਹੂਰਾਂ ਦਾ
ਕੋਈ ਲਾਲਚ ਪਰੀਆਂ ਦਾ
ਕੋਈ ਰਾਜ ਕਚਹਿਰੀ ਦਾ
ਕੋਈ ਤਾਜ ਸੁਨਹਿਰੀ ਦਾ
ਫੁਸਲਾ ਨਾ ਸਕਿਆ ਏ
ਭਰਮਾ ਨ ਸਕਿਆ ਏ।
ਤਾਹੀਉਂ ਤਾਂ ਗਾਂਦੇ ਨੇ
ਤਾਹੀਓਂ ਤਾਂ ਆਂਹਦੇ ਨੇ–
ਧੰਨ ਧੰਨ ਇਹ ਸਿੱਖੀ ਏ
ਜੋ ਵਾਲੋਂ ਨਿੱਕੀ ਏ
ਤੇ ਖੰਨਿਓਂ ਤਿੱਖੀ ਏ।

ਉਸ ਕਲਗੀਆਂ ਵਾਲੇ ਨੇ
ਅੰਮ੍ਰਿਤ ਦੇ ਦਾਤਾ ਨੇ
ਉਸ ਬਾਜ਼ਾਂ ਵਾਲੇ ਨੇ
ਸਰਬੱਗ ਗਿਆਤਾ ਨੇ
ਸਰਬੰਸ ਦੇ ਦਾਨੀ ਨੇ
ਨੀਲੇ ਦੇ ਮਾਹੀ ਨੇ
ਉਸ ਸੰਤ ਸਿਪਾਹੀ ਨੇ
ਇਕ ਜੁਗ ਪਲਟਾਇਆ ਏ,
ਜੱਦ ਸਿੰਘ ਸਜਾਇਆ ਏ।

ਬੇਦੋਸ਼ੇ ਪਕੜੇ ਨੇ
ਹਥਕੜੀਆਂ ਹੱਥਾਂ ਚਿ
ਨੇ ਬੇੜੀਆਂ ਪੈਰਾਂ ਚਿ
ਹਨ ਖੜੇ ਉਡੀਕ ਰਹੇ
ਜ਼ਾਲਮ ਦੀਆਂ ਮਾਰਾਂ ਨੂੰ
ਤੇ ਤੇਜ਼ ਕਟਾਰਾਂ ਨੂੰ
ਕੁਝ ਦਾੜ੍ਹਿਓਂ ਪਕੜੇ ਨੇ
ਕੁਝ ਜੂੜਿਓਂ ਨਪੜੇ ਨੇ
ਬਧੇ ਹੱਥ ਪਿਛਾਂ ਨੂੰ
ਸੰਗਲਾਂ ਸੰਗ ਕੱਸ ਕੱਸ ਕੇ
ਪਰ ਫਿਰ ਵੀ ਸਭਨਾਂ ਦੇ
ਤਣੇ ਹੋਏ ਮੁਛਹਿਰੇ ਨੇ
ਤੇ ਖੜੇ ਭਰਵਟੇ ਨੇ
ਚੇਹਰੇ ਤੇ ਲਾਲੀ ਏ
ਕੋਈ ਨੂਰ ਜਲਾਲੀ ਏ
ਅੱਖਾਂ ਵਿਚ ਚਮਕਣ ਏ
ਤੇ ਮੁਖਾਂ ਤੋਂ ਬੋਲ ਰਹੇ–
ਧੰਨ ਕਲਗੀਆਂ ਵਾਲੇ ਨੇ
ਬਖ਼ਸ਼ੀ ਇਹ ਸਿੱਖੀ ਏ
ਜੋ ਵਾਲੋਂ ਨਿੱਕੀ ਏ
ਤੇ ਖੰਨਿਓਂ ਤਿੱਖੀ ਏ।

ਇਕ ਬੁਢੜੀ ਆਂਦੀ ਏ
ਰੋਂਦੀ ਕੁਰਲਾਂਦੀ ਏ
ਤੇ ਫ਼ਰਖ਼ਸੀਅਰ ਦੇ
ਬੂਹੇ ਤੇ ਝੁਕ ਝੁਕ ਕੇ
ਹੌਲੀ ਜਿਹੀ ਰੁਕ ਰੁਕ ਕੇ
ਹਿਟਕੋਰੇ ਲੈਂਦੀ ਹੋਈ
ਡਸਕੋਰੇ ਭਰਦੀ ਹੋਈ
ਪਈ ਅਰਜ਼ ਗੁਜ਼ਾਰਦੀ ਏ
ਤੇ ਤਰਲੇ ਮਾਰਦੀ ਏ–
ਮੇਰਾ ਇਕ ਪੁੱਤਰ ਏ
ਮਾਸੂਮ ਨਿਰੁਤਰ ਏ

ਉਹ ਭੋਲਾ ਭਾਲਾ ਏ
ਤੇ ਬੇ-ਕਸੂਰਾ ਏ
ਮੇਖਾਂ ਵਿਚ ਜੜ ਜੜ ਕੇ
ਸਿੱਖਾਂ ਨਾਲ ਫੜ ਫੜ ਕੇ
ਤੇਰਾ ਹਾਕਮ ਲਿਆਇਆ ਏ
ਫਾਂਸੀ ਦੇ ਰਸਿਆਂ ਤੇ
ਫਾਂਸੀ ਦੇ ਤਖ਼ਤੇ ਤੇ
ਉਹਨੂੰ ਆਣ ਬਿਠਾਇਆ ਏ।
ਪਰ ਉਹ ਤੇ ਬੱਚਾ ਏ
ਅਕਲਾਂ ਦਾ ਕੱਚਾ ਏ
ਸਿੱਖੀ ਨੂੰ ਜਾਣੇ ਨਾ
ਤੇ ਗੁਰੂ ਪਛਾਣੇ ਨਾ
ਉਹ ਐਵੇਂ ਫੜਿਆ ਏ
ਵਿਚ ਸੰਗਲਾਂ ਕੜਿਆ ਏ।
ਕਰੋ ਰਹਿਮਤ ਛੋੜ ਦਿਓ
ਤੇ ਸ਼ਹਿਨਸ਼ਾਹ ਆਲਮ ਜੀ
ਇਸ ਕੀਟ ਨਿਮਾਣੀ ਨੂੰ
ਮੇਰਾ ਪੁੱਤਰ ਮੋੜ ਦਿਓ।

ਤਕ ਰੋਣੀ ਸੂਰਤ ਨੂੰ
ਤਰਲਿਆਂ ਤੇ ਹਾੜਿਆਂ ਨੂੰ
ਹੌਕੇ ਤੇ ਹਾਵਿਆਂ ਨੂੰ
ਮੁਗ਼ਲ ਹਕੂਮਤ ਦੇ
ਮਾਲਕ ਤੇ ਸ਼ਾਸਨ ਨੇ
ਸਿੱਖਾਂ ਦੇ ਵੈਰੀ ਨੇ
ਸਿੱਖਾਂ ਦੇ ਘਾਤਕ ਨੇ
ਫ਼ਰਖ਼ਸੀਅਰ ਆਲਮ ਨੇ
ਲਹੂ-ਪੀਂਦੇ ਜ਼ਾਲਮ ਨੇ
ਮਾਈ ਨੂੰ ਆਖ ਦਿਤਾ–
ਤੇਰਾ ਇਹ ਇਕਾ ਏ
ਤੇ ਲਾਡ ਲਡਿਕਾ ਏ
ਹਾਂ ਬੇਸ਼ਕ ਛੱਡ ਸਕਦੇ
ਤੇ ਫਾਂਸੀਓਂ ਕਢ ਸਕਦੇ


www.AKJ.Org

ਇਹ ਮੂੰਹੋਂ ਬੋਲ ਦੇਵੇ
ਤੇ ਘੁੰਡੀ ਖੋਲ੍ਹ ਦੇਵੇ
ਕਿ ਸਿਖੀ ਮੈਂ ਚਾਂਹਦਾ ਨਹੀਂ
ਤੇ ਸਿਖ ਅਖਵਾਂਦਾ ਨਹੀਂ।

ਇਹ ਫੁਰਮਾਨ ਪਿਆਰਾ ਸੀ
ਬੁਢੜੀ ਦਾ ਸਹਾਰਾ ਸੀ
ਇਸ ਲਈ ਉਹ ਹੱਸ ਹੱਸ ਕੇ
ਖੁਸ਼ੀਆਂ ਵਿਚ ਮੱਚ ਮੱਚ ਕੇ
ਉਸ ਚੁੰਮਿਆ ਚਾਇਆ ਏ
ਤੇ ਮਥੇ ਤੇ ਲਾਇਆ ਏ।
ਪਰਵਾਨਾ ਪੜ੍ਹ ਪੜ੍ਹ ਕੇ
ਬੇਦਰਦ ਜੱਲਾਦਾਂ ਨੇ
ਖ਼ੂਨੀ ਸਯਾਦਾਂ ਨੇ
ਮੁੰਡੇ ਨੂੰ ਸਦਿਆ ਏ
ਤੇ ਆਖ ਸੁਣਾਇਆ ਏ
ਸ਼ਾਹ ਸਲਾਮਤ ਨੇ
ਤਰਸ ਕਮਾਲਾਂ ਦਾ
ਤੇ ਰਹਿਮ ਕਮਾਲਾਂ ਦਾ
ਮਾਈ ਤੇ ਕੀਤਾ ਏ
ਤੇ ਇਉਂ ਫ਼ੁਰਮਾਇਆ ਏ
ਤੂ ਬਿਨਾਂ ਰੁਕਾਵਟ ਦੇ
ਲਾਹ ਲਾਹ ਕੇ ਹਥਕੜੀਆਂ
ਤੇ ਲਗੀਆਂ ਬੇੜੀਆਂ ਨੂੰ
ਏਥੋਂ ਹੁਣ ਜਾ ਸਕਦੈਂ
ਤੇ ਜਾਨ ਬਚਾਅ ਸਕਦੈਂ।
ਇਸ ਬੁਢੜੀ ਠੇਰੀ ਨੇ
ਤੇ ਅੰਮੀ ਤੇਰੀ ਨੇ
ਰਜ ਮਿੰਨਤ ਕੀਤੀ ਏ
ਤੇ ਚੀਕਾ ਚਾਕੀ ਏ
ਕਿ ਪੁਤਰ ਮੇਰਾ ਇਹ
ਸਿੱਖੀ ਤੋਂ ਮੁਨਕਰ ਏ
ਸਿੱਖੀ ਤੋਂ ਆਕੀ ਏ।

ਤਾਂ ਲਾਲ ਭਬੂਕਾ ਹੋ
ਅੱਖਾਂ ਚੋਂ ਸ਼ੁਹਲੇ ਕਢ
ਕਿਸੇ ਜੋਸ਼ ਅਗੰਮੀ ਚਿ
ਡਾਢਾ ਉਹ ਭੜਕ ਪਿਆ
ਤੇ ਬਿਜਲੀ ਵਾਂਗੂ ਉਹ
ਬੁਢੜੀ ਮਾਂ ਅਪਣੀ ਤੇ
ਗੁੱਸੇ ਵਿਚ ਕੜਕ ਪਿਆ:
ਇਹ ਝੂਠੀ ਮਾਈ ਏ
ਇਸ ਤੁਹਮਤ ਲਾਈ ਏ
ਇਸ ਬਣਤ ਬਣਾਈ ਏ
ਮੇਰੀ ਕੁਝ ਲਗਦੀ ਨਹੀਂ
ਨਾ ਮੇਰੀ ਮਾਈ ਏ।
ਕੀ ਸ਼ੋਰ ਮਚਾਇਆ ਸੂ
ਕੀ ਰੌਲਾ ਪਾਇਆ ਸੂ
ਇਹ ਕੌਣ ਬਲਾ ਹੈਗੀ
ਤੇ ਕਿਥੋਂ ਆਈ ਏ।
ਮੈਂ ਬਿਲਕੁਲ ਜਾਣਾਂ ਨਾ
ਤੇ ਜ਼ਰਾ ਪਛਾਣਾਂ ਨਾ
ਇਹ ਕਿਸ ਪੜ੍ਹਾਈ ਏ
ਤੇ ਕਿਸ ਸਿਖਾਈ ਏ।
ਮੈਂ ਸਿਖ ਉਸ ਗੁਰੂ ਦਾ
ਜਿਸ ਧਰਮ ਦੀ ਰੱਖਿਆ ਲਈ
ਦੁਖੀਆਂ ਲਈ, ਦੀਨਾਂ ਲਈ
ਅਨਾਥਾਂ ਤੇ ਹੀਨਾਂ ਲਈ
ਆਜਿਜ਼ ਮਸਕੀਨਾਂ ਲਈ
ਵਿਚ ਅਪਣੇ ਬਚਪਨ ਦੇ
ਨੌਂ ਸਾਲ ਦੀ ਉਮਰਾ ਚਿ
ਚਾਂਦਨੀ ਚੌਕ ਅੰਦਰ
ਹੱਸ ਪਿਤਾ ਪਿਆਰੇ ਨੂੰ
ਦਿਨ ਚਿੱਟੇ ਵਾਰ ਦਿਤਾ
ਤੇ ਸੁਹਲ ਸੁਣੱਖੇ ਵੀ
ਅਖੀਆਂ ਦੇ ਸਾਹਮਣੇ ਹੀ
ਵਿਚ ਸ਼ੁਕਰ ਤੇ ਖੇੜੇ ਦੇ
ਮੱਖਣਾਂ ਦੇ ਪਾਲਿਆਂ ਨੂੰ
ਸਰਹੰਦ ਦੀਵਾਰਾਂ ਚਿ
ਜੀਉਂਦੇ ਖਲਿਆਰ ਦਿਤਾ।
ਮੈਂ ਸਿਖ ਉਸ ਗੁਰ ਦਾ
ਜਿਸ ਦੇ ਅੰਮ੍ਰਿਤ ਨੇ
ਉਹ ਸ਼ਕਤੀ ਬਖ਼ਸ਼ੀ ਏ
ਉਹ ਤਾਕਤ ਬਖ਼ਸ਼ੀ ਏ
ਕਿ ਚਿੜੀਆਂ ਬਾਜਾਂ ਨੂੰ
ਗਿਦੜਾਂ ਨੇ ਸ਼ੇਰਾਂ ਨੂੰ
ਤੇ ਉਚ ਸੁਮੇਰਾਂ ਨੂੰ
ਜ਼ਰਾ ਨ ਖੰਨਿਆ ਏ
ਤੇ ਗੰਨਿਆਂ ਵਾਂਗੂ ਫੜ
ਛਿਲ ਮੁਛ ਕੇ ਭੰਨਿਆ ਏ।
ਜਾਬਰ ਦੀਆਂ ਰੰਬੀਆਂ ਵੀ
ਆਰੇ ਦੀਆਂ ਦੰਦੀਆਂ ਵੀ
ਇੰਜਣ ਦੀਆਂ ਸ਼ੂਕਾਂ ਵੀ
ਗੋਲੀ ਬੰਦੂਕਾਂ ਵੀ
ਡਾਂਗਾਂ ਤੇ ਛੱਵ੍ਹੀਆਂ ਵੀ
ਭੌਂਦੀਆਂ ਚਰਖੜੀਆਂ ਵੀ
ਤੇ ਸੂਹੀਆਂ ਤੱਵੀਆਂ ਵੀ
ਸਿੱਖੀ ਦੇ ਭੌਰਿਆਂ ਨੂੰ
ਆਸ਼ਕ ਲਟਬੌਰਿਆਂ ਨੂੰ
ਸਿੱਖੀ ਦੇ ਪਿਆਰਾਂ ਤੋਂ
ਸਿੱਖੀ ਵੀਚਾਰਾਂ ਤੋਂ
ਮੋੜ ਨ ਸਕੀਆਂ ਨੇ
ਹਟਕ ਨ ਸਕੀਆਂ ਨੇ
ਤੇ ਹੋੜ ਨ ਸਕੀਆਂ ਨੇ।

ਤਦ ਬੁਢੀ ਕੁਰਲਾਈ ਏ
ਸੁਣ ਮੇਰਿਆ ਬੱਚਿਆ ਵੇ
ਸੁਣ ਮੇਰੇ ਪੁਤਰਾ ਵੇ
ਤੂੰ ਚਾਨਣ ਅੱਖੀਆਂ ਦਾ
ਇਸ ਬੁਢੀ ਅੰਮੀ ਦਾ
ਤੇ ਆਸ ਡੰਗੋਰੀ ਏਂ
ਘਨਘੋਰ ਏਂ ਛਾਤੀ ਦੀ
ਤੂ ਧੀਰਜ ਮਨ ਦਾ ਏਂ
ਤੇ ਨੂਰ ਨਿਕੰਮੀ ਦਾ
ਮੈਂ ਨਦੀ ਕਿਨਾਰੇ ਤੇ
ਕਮਜ਼ੋਰ ਬਰੂਟਾ ਹਾਂ


www.AKJ.Org

ਪੀਂਘ ਖਲੋਂਦੀ ਦਾ
ਇਕ ਹਲਕਾ ਝੂਟਾ ਹਾਂ।
ਕਰ ਤਰਸ ਨਿਮਾਣੀ ਤੇ
ਢਲਦਾ ਪਰਛਾਵਾਂ ਹਾਂ
ਕੀ ਲੈਣਾ ਈ ਸਿੱਖੀ ਤੋਂ
ਕੀ ਖਟਣਾ ਈ ਸਿੱਖੀ ਤੋਂ ?

ਤਾਂ ਗੱਜ ਕੇ ਬੱਚੇ ਨੇ
ਪਰ ਸਿਦਕ ਸਬੂਰੀ ਵਿਚ
ਜੈਕਾਰਾ ਛਡਿਆ ਏ,
ਤੇ ਗੂੰਜਾਂ ਸੁਣ ਸੁਣ ਕੇ

ਮੂੰਹ ਪੀਲਾ ਸੱਯਾਦਾਂ ਦਾ
ਜ਼ਾਲਮ ਜੱਲਾਦਾਂ ਦਾ
ਉਸ ਬੁਢ ਸੁਆਣੀ ਦਾ
ਤੇ ਜਿੰਦ ਰੰਜਾਣੀ ਦਾ
ਮੂੰਹ ਗਿਆ ਅਡਿਆ ਏ।

ਕੀ ਕਾਤਲਾ ਤਕਨਾ ਏਂ
ਕੱਢ ਖੰਜਰ ਅਪਣੇ ਨੂੰ
ਕਰ ਤੇਜ਼ ਕਟਾਰੀ ਨੂੰ
ਤੇ ਲਾਹ ਦੇ ਸਿਰ ਮੇਰਾ
ਪਿਆ ਕਾਹਨੂੰ ਝਕਨਾ ਏਂ।

ਮੈਨੂੰ ਸਿੱਖੀ ਪਿਆਰੀ ਏ
ਮੈਨੂੰ ਸਿੱਖੀ ਪਿਆਰੀ ਏ
ਇਹ ਰਹਿਮਤ ਰੱਬ ਦੀ ਏ
ਇਹ ਬਖ਼ਸ਼ਸ਼ ਸਤਿਗੁਰ ਦੀ
'ਨੀਰ' ਅਮੁਲੀ ਏ,
ਤੇ ਦਾਤ ਇਹ ਭਾਰੀ ਏ।
ਤਾਹੀਓਂ ਤਾਂ ਗਾਂਦੇ ਨੇ,
ਤਾਹੀਓਂ ਤਾਂ ਆਂਦੇ ਨੇ
ਧੰਨ ਧੰਨ ਇਹ ਸਿੱਖੀ ਏ
ਜੋ ਵਾਲੋਂ ਨਿੱਕੀਏ
ਤੇ ਖੰਨਿਓਂ ਤਿੱਖੀ ਏ।

# ਦੋਦੜੇ ਡੇਰੇ ਨਾਲ ਅਖੰਡ ਕੀਰਤਨੀ ਜਥੇ ਦੀ ਸਾਂਝ ?

"ਦੋਦੜੇ ਡੇਰੇ ਬਾਰੇ ਸਿੰਘ ਸਭਾ ਬੰਬਈ ਦਾ ਮਤਾ" ਸੂਰਾ ਜੁਲਾਈ ੧੯੯੦ ਵਿਚ ਛਪਿਆ ਸੀ। ਉਸ ਬਾਰੇ ਪੁਜ਼ੀਸ਼ਨ ਵਧੇਰੇ ਸਪਸ਼ਟ ਕਰਨ ਬਾਰੇ ਕਈਆਂ ਨੇ ਕਿਹਾ ਹੈ।

ਇਸ ਸੰਬੰਧ ਵਿਚ ਇਕੋ ਬੇਨਤੀ ਹੈ ਕਿ ਅਖੰਡ ਕੀਰਤਨੀ ਜਥੇ ਦੀ ਸਿੱਖੀ ਨਾਤੇ ਤਾਂ ਹਰੇਕ ਗੁਰਸਿਖ ਨਾਲ ਸਹੋਦਰ ਸਾਂਝ ਹੈ, ਕਿਉਂਕਿ ਸਾਡਾ ਗੁਰੂ ਇਕ, ਬਾਣੀ ਇਕ ਅਤੇ ਗੁਰਮੰਤ੍ਰ ਇਕ ਹੈ ਅਤੇ ਧਾਰਮਕ ਸਾਂਝ ਦੀਆਂ ਅਮੁਕ ਕੜੀਆਂ ਹਨ। ਪਰ ਜਥੇਬੰਦਕ ਤੌਰ ਤੇ ਅਖੰਡ ਕੀਰਤਨੀ ਜਥੇ ਦੀ ਦੋਦੜੇ ਜਾਂ ਕਿਸੇ ਹੋਰ ਡੇਰੇ ਨਾਲ ਡੇਰੇਦਾਰੀ ਦੀ ਸਾਂਝ ਨਹੀਂ। ਜਿਥੋਂ ਤਕ ਅਖੰਡ ਕੀਰਤਨੀ ਜਥੇ ਦਾ ਸੰਬੰਧ ਹੈ :–

- ਅਖੰਡ ਕੀਰਤਨੀ ਜਥੇ ਦਾ ਕੋਈ ਡੇਰਾ ਨਹੀਂ। ਸੋ ਇਹ ਆਪਣੇ ਵਖਰੇ ਡੇਰੇ ਨੂੰ ਨਹੀਂ, ਸਗੋਂ ਸਮੁਚੇ ਪੰਥ ਦੀ ਕੇਂਦਰੀ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ-ਉਚਤਾ ਨੂੰ ਮੰਨਦਾ ਹੈ।
- ਅਖੰਡ ਕੀਰਤਨੀ ਜਥਾ ਕੇਵਲ ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੀ ਆਤਮ-ਪ੍ਰਕਾਸ਼ ਲੈਣ ਦਾ ਮੁਦਈ ਹੈ, ਉਹ ਆਤਮ-ਪ੍ਰਕਾਸ਼ ਲੈਣ ਲਈ ਕਿਸੇ ਵਿਅਕਤੀ ਨੂੰ ਮੱਥਾ ਟੇਕਣ ਦਾ ਕਟੜ ਵਿਰੋਧੀ ਹੈ।
- ਅਖੰਡ ਕੀਰਤਨੀ ਜਥਾ ਬੇਅੰਮ੍ਰਿਤੀਏ 'ਵੇਦੀਨਾਂ ਕੀ ਦੋਸਤੀ' ਅਤੇ 'ਵੇਦੀਨਾਂ ਕੇ ਖਾਣ' ਨੂੰ ਗੁਰਬਾਣੀ ਅਤੇ ਰਹਿਤਨਾਮਿਆਂ ਦੇ ਆਦੇਸ਼ ਅਨੁਸਾਰ ਵਰਜਦਾ ਹੈ।
- ਅਖੰਡ ਕੀਰਤਨੀ ਜਥਾ "ਅਰਧ ਸਰੀਰੀ ਨਾਰਿ ਨ ਛੋਡੈ" ਦੀ ਦਿਤੀ ਸੇਧ ਅਨੁਸਾਰ ਪਤੀ ਪਤਨੀ ਦੋਹਾਂ ਲਈ ਗੁਰ-ਦੀਖਿਆ-ਅੰਮ੍ਰਿਤ-ਲਾਜ਼ਮੀ ਸਮਝਦਾ ਹੈ। ਦੰਪਤੀ ਵਿਚੋਂ ਇਕੱਲੇ ਪ੍ਰਾਣੀ ਦਾ ਅੰਮ੍ਰਿਤ ਛਕਿਆ, ਨਾ ਛਕੇ ਬਰਾਬਰ ਹੈ।
- ਅੰਮ੍ਰਿਤ ਕੀਰਤਨੀ ਜਥਾ ਸਤਿਗੁਰੂ ਦੇ ਬਖ਼ਸ਼ੇ ਨਿਰਾਲੇ ਸਰੂਪ 'ਸਾਬਤ ਸੂਰਤਿ ਦਸਤਾਰ ਸਿਰਾ' ਲਈ, ਪੰਜਾਂ ਕਕਾਰਾਂ ਦੀ ਰਹਿਤ ਨੂੰ, ਪਤੀ ਪਤਨੀ ਦੋਹਾਂ ਲਈ ਇਕ-ਸਾਰ ਜ਼ਰੂਰੀ ਸਮਝਦਾ ਹੈ।
- ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਦੀ ਵਿਲੱਖਣਤਾ ਕੇਵਲ ਗੁਰਬਾਣੀ ਦਾ ਅਖੰਡ ਕੀਰਤਨ ਹੀ ਹੈ, ਕੋਈ ਕਥਾ ਵਖਿਆਨ ਨਹੀਂ।

**੧੮ ਤੋਂ ੨੧ ਅਕਤੂਬਰ ਐਤਵਾਰ ਤਕ ਸਾਲਾਨਾ ਸਮਾਗਮ ਮੋਗੇ ਵਿਖੇ**


www.AKJ.Org

# ਤੂ ਦਾਤਾ ਦਾਤਾਰੁ

[ਸ: ਕੁਲਦੀਪ ਸਿੰਘ ਜੀ ਹਉਰਾ, 162-ਹਾਉਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ]

ਗੁਰਬਾਣੀ ਵਿਚ ਨਿਰੰਕਾਰ ਦੀ ਬੇਅੰਤਤਾ, ਮਹਾਨਤਾ ਤੇ ਸੁੰਦਰਤਾ ਪ੍ਰਗਟਾਈ ਗਈ ਹੈ। ਜਦੋਂ ਨਿਰੰਕਾਰ ਨੂੰ ਬੇਅੰਤ ਕਿਹਾ ਗਿਆ ਹੈ ਤਾਂ ਦੋ ਅਰਥਾਂ ਵਿਚ ਕਿਹਾ ਗਿਆ ਹੈ। ਇਕ ਤਾਂ ਇਹ ਕਿ ਉਸ ਦੇ ਗੁਣ ਬੇਅੰਤ ਹੈ ਤੇ ਦੂਜਾ ਇਹ ਕਿ ਉਸ ਦਾ ਹਰ ਗੁਣ ਬੇਅੰਤ ਹੈ।

ਨਿਰੰਕਾਰ ਦੇ ਅਨੇਕਾਂ ਗੁਣਾਂ ਵਿਚੋਂ ਇੱਕ ਉਸ ਦਾ ਸਿਰਜਨਹਾਰ ਹੋਣਾ ਹੈ, ਪਰ ਉਸ ਦੀ ਸਿਰਜਨਾਤਮਿਕ ਸ਼ਕਤੀ ਦਾ ਅੰਦਾਜ਼ਾ ਲਾਉਣਾ ਮਨੁੱਖ ਲਈ ਅਸੰਭਵ ਹੈ। ਸ੍ਰਿਸ਼ਟੀ ਨੂੰ ਵੇਖ ਕੇ ਸੁਤੇ ਹੀ ਇਹ ਵਿਚਾਰ ਪੈਦਾ ਹੁੰਦਾ ਹੈ ਕਿ ਸ੍ਰਿਸ਼ਟੀ ਵਿਚ ਵਸਦੇ ਜੀਵਾਂ ਦੀ ਖ਼ੁਰਾਕ ਦਾ ਪ੍ਰਬੰਧ ਨਿਰੰਕਾਰ ਕਿਵੇਂ ਕਰਦਾ ਹੈ। ਇਹ ਬੜੀ ਅਸਚਰਜ ਲੀਲ੍ਹਾ ਹੈ। ਹਰ ਜੀਵ ਨੂੰ ਭਾਵੇਂ ਉਹ ਧਰਤੀ ਉਤੇ ਹੈ, ਪਾਣੀ ਵਿਚ ਹੈ, ਭਾਵੇਂ ਕਿਸੇ ਜੂਨ ਵਿਚ ਹੈ, ਖ਼ੁਰਾਕ ਮਿਲ ਰਹੀ ਹੈ। ਖ਼ੁਰਾਕ ਪੁਚਾਉਣ ਦੇ ਇਸ ਅਦਭੁਤ ਢੰਗ ਨੂੰ ਵੇਖ ਕੇ ਹੀ ਨਿਰੰਕਾਰ ਨੂੰ "ਦਾਤਾਰ" ਕਿਹਾ ਗਿਆ ਹੈ। ਨਿਰੰਕਾਰ ਦਾ ਦਾਤਾਰ ਹੋਣਾ ਉਸ ਦੇ ਅਨੇਕਾਂ ਗੁਣਾਂ ਵਿਚੋਂ ਇਕ ਪ੍ਰਮੁਖ ਗੁਣ ਹੈ। ਕੁਦਰਤ ਵਿਚ ਸਾਧਾਰਨ ਨਜ਼ਰੇ ਵੇਖਿਆਂ ਉਸ ਦੇ "ਦਾਤਾਰ" ਗੁਣ ਦੀ ਪਛਾਣ ਸਹਿਜੇ ਹੀ ਹੋ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦਾ ਕਥਨ ਹੈ–

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥੮॥ (ਵਾਰ ਮਾਝ ਮ: ੧, ਪੰਨਾ ੧੪੧)

ਫੇਰ ਹੋਰ ਹੈਰਾਨੀ ਹੁੰਦੀ ਹੈ ਕਿ ਸਮੁਚੀ ਸ੍ਰਿਸ਼ਟੀ ਦੇ ਜੀਵਾਂ ਦੀ ਖ਼ੁਰਾਕ ਦਾ ਪ੍ਰਬੰਧ ਕਰਨ ਵਾਲੀ ਉਸ ਹਸਤੀ ਪਾਸ ਅਨਾਜ ਦੇ ਭੰਡਾਰ ਅਖੁਟ ਹਨ, ਜੋ ਕਦੇ ਨਿਖੁਟਦੇ ਹੀ ਨਹੀਂ, ਮੁਕਦੇ ਹੀ ਨਹੀਂ। ਨਾ ਉਨ੍ਹਾਂ ਭੰਡਾਰਾਂ ਉਤੇ ਮੌਸਮ ਦਾ ਅਸਰ ਹੁੰਦਾ ਹੈ ਨਾ ਹਾਲਾਤ ਦਾ। ਮਾਨਸੂਨ ਵੇਲੇ ਸਿਰ ਆਵੇ ਨਾ ਆਵੇ, ਹੜ੍ਹ ਆ ਜਾਣ ਜਾਂ ਸੋਕਾ ਪੈ ਜਾਏ, ਉਸ ਦੇ ਭੋਜਨ-ਭੰਡਾਰ ਸਦਾ ਅਮੁਕ ਹਨ। ਫੇਰ ਉਸ ਦਾ ਪ੍ਰਬੰਧ ਕਿੰਨਾ ਮਹਾਨ ਹੈ ਕਿ ਮਜ਼ਾਲ ਹੈ ਕੋਈ ਕੀੜਾ ਵੀ ਉਸ ਦੇ ਭੰਡਾਰ ਤੋਂ ਵੰਚਿਤ ਰਹਿ ਜਾਵੇ।

ਜਪੁਜੀ ਸਾਹਿਬ ਦੀਆਂ ਹੇਠ ਲਿਖੀਆਂ ਤੁੱਕਾਂ ਉਸ ਅਕਾਲ ਪੁਰਖ ਦੇ "ਦਾਤਾਰ" ਹੋਣ ਦੀ ਗੁਆਹੀ ਭਰਦੀਆਂ ਹਨ :–

ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥੩॥

ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥੨੫॥

ਅਕਾਲ ਪੁਰਖ ਦੇ ਵਿਧਾਨਕ ਗੁਣਾਂ ਅਨੁਸਾਰ ਉਹ ਸਰਬ-ਵਿਆਪਕ ਹੈ, ਸਿਰਜਣਹਾਰ ਹੈ ਤੇ ਪਾਲਣਹਾਰ ਹੈ। ਗੁਰੂ ਸਾਹਿਬਾਨ ਦੇ ਕਥਨੁਸਾਰ ਅਕਾਲ ਪੁਰਖ ਹੀ ਕਰਤਾ ਹਰਤਾ ਤੇ ਪਾਲਣਹਾਰ ਹੈ, ਕੋਈ ਹੋਰ ਇਨ੍ਹਾਂ ਕਾਰਜਾਂ ਵਿਚ ਉਸ ਦਾ ਸਹਾਇਕ ਜਾਂ ਨਾਇਬ ਨਹੀਂ। ਇਸੇ ਕਰਕੇ ਸ਼ਰਧਾਵਾਨ ਸਿਖ ਪ੍ਰਭੂ ਦੀਆਂ ਦਾਤਾਂ ਪ੍ਰਾਪਤ ਕਰਦੇ ਹੋਇਆਂ ਸ਼ੁਕਰਾਨੇ ਵਜੋਂ ਨਿਤ ਅਰਦਾਸ ਜੋਦੜੀ ਕਰਦੇ ਹਨ–

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥

ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥੧॥੧੨॥ (ਪੰਨਾ ੬੭੪)

ਇਸ ਤੁੱਕ ਵਿਚ ਦਾਤਾ, ਠਾਕੁਰ, ਪ੍ਰਤਿਪਾਲਕ, ਨਾਇਕ ਤੇ ਖਸਮ ਸ਼ਬਦ ਪ੍ਰਮਾਤਮਾ ਵਾਸਤੇ ਹੀ ਵਰਤੇ ਗਏ ਹਨ। ਜਦੋਂ ਅਕਾਲ ਪੁਰਖ ਦਾਤਾ ਤੇ ਪ੍ਰਤਿਪਾਲਕ ਹੈ ਤਾਂ ਉਸ ਦਾ ਬਿਰਦ ਹੈ ਕਿ ਉਹ ਆਪਣੇ ਉਤੇ ਈਮਾਨ ਲਿਆਉਣ ਵਾਲਿਆਂ ਅਤੇ ਨਾ ਈਮਾਨ ਰਖਣ ਵਾਲਿਆਂ ਸਭਨਾਂ ਦੇ ਵਧਣ ਫੁਲਣ ਤੇ ਉਹਨਾਂ ਦੇ ਨਿਰਬਾਹ ਆਦਿ ਦਾ ਪ੍ਰਬੰਧ ਕਰੇ। ਸਰਬ ਜੀਵਾਂ ਦੇ ਰਿਜ਼ਕ ਆਦਿ ਦੀ ਚਿੰਤਾ, ਉਸ ਦਾ ਆਪਣਾ ਫ਼ਰਜ਼ ਹੈ। ਗੁਰਬਾਣੀ ਵਿਚ ਕਥਨ ਹੈ–

–ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥੧॥੮॥ (ਸਲੋਕ ਮ: ੧–੪੬੭)

–ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾ ॥੪॥੧॥ (ਸਾਰੰਗ ਮ: ੫–੧੨੩੫)

ਗੁਰੂ ਸਾਹਿਬ ਨੇ ਮਨੁਖ ਨੂੰ ਇਹ ਵਿਸ਼ਵਾਸ ਦਿਵਾਉਣ ਲਈ, ਕਿ ਸਭ ਦਾ ਰਿਜ਼ਕ-ਦਾਤਾ ਅਕਾਲ ਪੁਰਖ ਆਪ ਹੈ,



www.AKJ.Org

ਤੇ ਉਹ ਪੱਥਰਾਂ ਵਿਚ ਵੀ ਜੰਤਾਂ ਨੂੰ ਰਿਜ਼ਕ ਪੁਚਾਉਂਦਾ ਹੈ, ਇਉਂ ਤਸੱਲੀ ਦਿਤੀ ਹੈ—

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥

ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥......

ਉਡੇ ਉਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥

ਤਿਨ ਕਵਣੁ ਖਲਾਵੈ ਕਵਣੁ ਚੁਗਾਵੈ, ਮਨ ਮਹਿ ਸਿਮਰਨੁ ਕਰਿਆ॥੩॥(ਗੂਜਰੀ ਮ: ੫, ਪੰ: ੧੦)

ਕਲਗੀਧਰ ਪਾਤਸ਼ਾਹ ਨੇ ਵੀ "ਤੇਤੀ ਸਵੱਯੇ" ਵਿਚ ਫੁਰਮਾਨ ਕੀਤਾ ਹੈ—

ਜੀਵ ਜਿਤੇ ਜਲ ਮੈਂ ਥਲ ਮੈਂ, ਸਭ ਕੈ ਸਦ ਪੇਟ ਕੋ ਪੋਖਨਹਾਰਾ ॥੬॥

ਅਕਾਲ ਪੁਰਖ ਜੋ ਦਾਤਾਰ ਹੈ ਅਤੇ ਸਭ ਜੀਵਾਂ ਦੀ ਪ੍ਰਤਿਪਾਲਣਾ ਕਰਨਾ ਜਿਸ ਦਾ ਬਿਰਦ ਹੈ, ਉਹ ਪਸ਼ੂਆਂ, ਪੰਛੀਆਂ, ਜ਼ਹਿਰੀਲੇ ਕੀੜਿਆਂ, ਜਲ ਵਿਚ ਰਹਿਣ ਵਾਲੇ ਜੀਵਾਂ, ਥਲ ਵਿਚ ਵਸਣ ਵਾਲੇ ਜੀਵਾਂ ਸਭ ਦੀ ਪ੍ਰਤਿਪਾਲਣਾ ਕਰਦਾ ਹੈ, ਕਿਉਂਕਿ ਉਹ "ਦੀਨ ਦਇਆਲ" ਹੈ। ਸਾਡੇ ਕਸੂਰ, ਸਾਂਡੀਆਂ ਬੁਰਾਈਆਂ ਦੇਖਦਾ ਹੈ, ਪਰ "ਦਾਤਾਰ" ਹੋਣ ਦੇ ਨਾਤੇ ਦੇਣ ਤੋਂ ਇਨਕਾਰ ਨਹੀਂ ਕਰਦਾ। ਦਸਮੇਸ਼ ਜੀ "ਤ੍ਵ ਪ੍ਰਸਾਦਿ ਸਵੱਯੇ" ਬਾਣੀ ਵਿਚ ਫੁਰਮਾਂਦੇ ਹਨ—ਦੀਨਨ ਕੀ ਪ੍ਰਤਿਪਾਲ ਕਰੈ ਨਿਤ, ਸੰਤ ਉਬਾਰ ਗਨੀਮਨ ਗਾਰੈ ॥

ਪੱਛ ਪਸੂ ਨਗ ਨਾਗ ਨਰਾਧਿਪ, ਸਰਬ ਸਮੈ ਸਭ ਕੋ ਪ੍ਰਤਿਪਾਰੈ ॥

ਪੋਖਤ ਹੈ ਜਲ ਮੈ ਥਲ ਮੈ, ਪਲ ਮੈ ਕਲਿ ਕੇ ਨਹੀਂ ਕਰਮ ਬਿਚਾਰੈ ॥

ਦੀਨ ਦਇਆਲ ਦਇਆ ਨਿਧਿ, **ਦੋਖਨ ਦੇਖਤ ਹੈ ਪਰ ਦੇਤ ਨ ਹਾਰੈ ॥੧॥**

ਅਗੇ ਚਲ ਕੇ ਮਨੁਖ ਦਾ ਵਿਸ਼ਵਾਸ ਪੱਕਾ ਕਰਨ ਲਈ ਮਨੁਖ ਨੂੰ ਸੰਬੋਧਨ ਕਰਦੇ ਹੋਏ ਫੁਰਮਾਂਦੇ ਹਨ ਕਿ ਤੂੰ ਆਪਣੀ ਰੋਜ਼ੀ ਵਾਸਤੇ ਕਿਉਂ ਚਿੰਤਤ ਹੈਂ, ਤੂੰ ਕਿਉਂ ਡੋਲਦਾ ਹੈ, ਜਦ ਕਿ ਰਾਜ਼ਕ ਸਭਨਾਂ ਨੂੰ ਰਿਜ਼ਕ ਦੇ ਰਿਹਾ ਹੈ :

ਜਾਨ ਕੋ ਦੇਤ, ਅਜਾਨ ਕੋ ਦੇਤ, ਜਮੀਨ ਕੋ ਦੇਤ, ਜਮਾਨ ਕੋ ਦੈ ਹੈ ॥

ਕਾਹੇ ਕੋ ਡੋਲਤ ਹੈ ਤੁਮਰੀ ਸੁਧ, ਸੁੰਦਰ ਸ੍ਰੀ ਪਦਮਾਪਤਿ ਲੈ ਹੈ ॥੫॥ (ਤ੍ਵਪ੍ਰਸਾਦਿ ਸਵੱਯੇ)

ਅਕਾਲ ਪੁਰਖ ਨੂੰ ਦਾਤਾ, ਦੇਣਹਾਰ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਸਭ ਦਾਤਿਆਂ ਦਾ ਦਾਤਾਰ ਕੇਵਲ ਉਹ ਇਕੋ ਆਪ ਹੀ ਹੈ। ਕਥਨ ਹੈ—

ਥਾਨ ਥਨੰਤਰਿ ਰਵਿ ਰਹਿਆ ਪਾਰਬ੍ਰਹਮੁ ਪ੍ਰਭੁ ਸੋਇ ॥

ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ ॥੩॥੮੦॥ (ਸਿਰੀਰਾਗੁ ਮ: ੫, ਪੰਨਾ ੪੯)

ਜਪੁਜੀ ਸਾਹਿਬ ਵਿਚ ਸਪਸ਼ਟ ਰੂਪ ਵਿਚ ਆਉਂਦਾ ਹੈ—

ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

ਉਹ ਦਾਤਾਰ ਸਦਾ ਹੀ ਦਿੰਦਾ ਹੈ ਤੇ ਆਪਣੇ ਇਸ ਕਰਮ ਨੂੰ ਕਦੇ ਵੀ ਨਹੀਂ ਭੁਲਦਾ।

ਉਸ ਦੀ ਬਖਸ਼ਿਸ਼ ਦਾ ਓੜਕ ਬੰਨਾ ਕੋਈ ਨਹੀਂ। ਉਸ ਦੇ ਭੰਡਾਰੇ ਕਦੇ ਮੁਕਦੇ ਨਹੀਂ—

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥

ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥੩੪॥ (ਬਾਵਨ ਅਖਰੀ ਮ: ੫—੨੫੭)

ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥੩੪॥(ਗਉੜੀ ਬਾਵਨ ਅੱਖਰੀ ਮ: ੫, ਪੰ: ੨੫੭)

ਦਿਨੇ ਰਾਤ ਪ੍ਰਭੂ ਦੀਆਂ ਦਾਤਾਂ ਭੁੰਚ ਰਹੇ ਪ੍ਰਾਣੀ ਨੂੰ ਸਤਿਗੁਰੂ ਜੀ ਚੇਤੰਨ ਕਰਦੇ ਹਨ ਕਿ ਉਸ ਦਾਤਾਰ ਪਿਤਾ ਦੀਆਂ ਇਤਨੀਆਂ ਬਖਸ਼ਸ਼ਾਂ ਪ੍ਰਾਪਤ ਕਰ ਕੇ ਤੇਰਾ ਭੀ ਫਰਜ਼ ਬਣਦਾ ਹੈ ਕਿ ਤੂੰ ਸ਼ੁਕਰਾਨੇ ਵਜੋਂ ਉਸ ਦੇ ਚਰਨਾਂ ਵਿਚ ਜੁੜ ਅਤੇ ਉਸ ਦੀ ਸਿਫ਼ਤ ਸਾਲਾਹ ਕਰ। ਸਤਿਗੁਰੂ ਜੀ ਦੀ ਇਹ ਚਿਤਾਵਨੀ ਸੁਖਮਨੀ ਸਾਹਿਬ ਵਿਚ ਨਿਤ ਪੜ੍ਹਦੇ ਸੁਣਦੇ ਹਾਂ—

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥



www.AKJ.Org

ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥ ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥ ਤਿਸਹਿ ਧਿਆਇ ਸਦਾ ਮਨ ਅੰਦਰਿ ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥ ਆਠ ਪਹਰ ਸਿਮਰਹੁ ਤਿਸੁ ਰਸਨਾ ॥
ਜਿਹ ਪ੍ਰਸਾਦਿ ਰੰਗ ਰਸ ਭੋਗ ॥ ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧॥
ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥ ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥
ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥ ਮਨ ਆਠ ਪਹਰ ਤਾ ਕਾ ਜਸੁ ਗਾਵੀਜੈ॥...੨॥੬॥

ਗੁਰਬਾਣੀ ਵਿਚ ਅਨੇਕਾਂ ਗੁਰਵਾਕ ਐਸੇ ਹਨ, ਜਿਨ੍ਹਾਂ ਦੇ ਪੜ੍ਹਨ ਨਾਲ ਮਨੁਖੀ ਮਨ ਅੰਦਰ ਦ੍ਰਿੜ੍ਹਤਾ ਪੈਦਾ ਹੁੰਦੀ ਹੈ ਕਿ ਕੇਵਲ ਅਕਾਲ ਪੁਰਖ ਹੀ ਸਭ ਦਾ ਦੇਣਹਾਰ ਹੈ। ਅਤੇ ਹਰੇਕ ਦੀ ਉਸੇ ਨੂੰ ਚਿੰਤਾ ਹੈ–

–ਨਾਨਕ ਜੰਤ ਉਪਾਇ ਕੈ ਸੰਭਾਲੈ ਸਭਨਾਹ ॥੧॥੮॥ (ਸਲੋਕ ਮ: ੧–੪੬੭)
–ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰ ॥੨॥੬॥ (੯੫੯)
–ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥......
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥੧॥੧੮॥ (੯੫੫)
–ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥੧॥
ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥
ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥੨॥ (ਤਿਲੰਗ ਮਹਲਾ ੫, ਪੰਨਾ ੭੨੪)

ਸਾਰੇ ਬ੍ਰਹਿਮੰਡ, ਸਾਰੀ ਸ੍ਰਿਸ਼ਟੀ ਦਾ ਮਾਲਕ ਉਹ ਅਕਾਲ ਪੁਰਖ ਆਪ ਹੈ ਤੇ ਸਭ ਜੀਆਂ ਦਾ ਦਾਤਾ ਹੈ। ਸਾਡੇ ਬ੍ਰਹਿਮੰਡ ਵਰਗੇ ਕਰੋੜਾਂ ਹੀ ਬ੍ਰਹਿਮੰਡਾਂ ਦਾ ਉਹ ਕਰਤਾ ਹਰਤਾ ਹੈ ਅਤੇ ਕਰੋੜਾਂ ਹੀ ਬ੍ਰਹਿਮੰਡਾਂ ਵਿਚ ਵਸਦੇ ਸਭਨਾਂ ਜੀਆਂ ਦੀ ਉਹ ਦਾਤਾਰ ਸਾਰ ਸੰਭਾਲ ਕਰ ਰਿਹਾ ਹੈ, ਪਰ ਅਸੀਂ ਮੂਰਖ ਐਸੇ ਅਕ੍ਰਿਤਘਣ ਹਾਂ ਕਿ ਉਸ ਵਲੋਂ ਕੀਤੀਆਂ ਜਾ ਰਹੀਆਂ ਅਣਗਿਣਤ ਬਖ਼ਸ਼ਸ਼ਾਂ ਵਿਚੋਂ ਕਿਸੇ ਇਕ ਨੂੰ ਭੀ ਨਹੀਂ ਜਾਣਨਾ ਕਰਦੇ। ਸਤਿਗੁਰੂ ਜੀ ਕਥਨ ਹੈ–. ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥੧੩॥ (ਪੰਨਾ ੬੧੨)

ਇਤਨੀਆਂ ਪ੍ਰਮਾਣੀਕ ਤੁਕਾਂ ਦੇ ਅਧਿਆਨ ਤੋਂ ਮਨੁਖ ਦਾ ਨਿਸਚਾ ਅਟੱਲ ਹੋ ਜਾਂਦਾ ਹੈ ਤੇ ਉਹ ਵਿਸਮਾਦ ਦੀ ਦਸ਼ਾ ਵਿੱਚ ਕਹਿ ਉਠਦਾ ਹੈ– ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥੨੫॥ (ਪੰਨਾ ੬੫੨)

## ਅਖੰਡ ਕੀਰਤਨੀ ਜਥਾ ਯੂ. ਕੇ ਵਲੋਂ ਗੁਰਮਤਿ ਪ੍ਰੋਗਰਾਮ

(1) (ਮੇਨ ਪ੍ਰੋਗਰਾਮ) ਰੈਣ ਸਬਾਈ ਕੀਰਤਨ 22.9.90 ਨੂੰ ਗੁਰਦਵਾਰਾ ਗੁਰੂ ਨਾਨਕ ਕਲੀਅਰੈਂਸ ਪਲੇਸ, ਗ੍ਰੇਵਜ਼ੈਂਡ ਵਿਖੇ ਫ਼ੋਨ ਗੁਰਦਵਾਰਾ 0474-534121 ਭਾਈ ਰਾਮ ਸਿੰਘ ਫ਼ੋਨ 0474-333660 ਅਤੇ 326688

(2) (ਲੋਕਲ) ਕੀਰਤਨ ਰੈਣ ਸਬਾਈ 29.9.90 ਭਾਈ ਪ੍ਰਿਥੀਪਾਲ ਦੇ ਗ੍ਰਿਹਿ 320-ਹੇਸਟਨ ਰੋਡ, ਸਾਊਥਾਲ ਵਿਖੇ, ਫ਼ੋਨ 081-843-0114

(3) (ਲੋਕਲ) ਕੀਰਤਨ ਰੈਣ ਸਬਾਈ 6.10-90 ਤੋਂ ਉਪਰੰਤ ਸਵੇਰੇ ਅਨੰਦ ਕਾਰਜ ਕਾਕਾ ਕੁਲਦੀਪ ਸਿੰਘ (ਸਲੋਅ) ਦਾ ਬੀਬੀ ਮਨਜੀਤ ਕੌਰ ਨਾਲ, ਗੁਰਦਵਾਰਾ 96-98, ਨਿਊ ਸਟਰੀਟ ਲਮਿੰਗਟਨ-ਸਪਾ ਵਿਖੇ
ਫ਼ੋਨ ਗੁਰਦਵਾਰਾ 0926-“4297, ਫ਼ੋਨ ਭਾਈ ਜਰਨੈਲ ਸਿੰਘ (ਲਿਮਿੰਗਟਨ) 0926-330008
ਫ਼ੋਨ ਭਾਈ ਸੋਹਨ ਸਿੰਘ (ਸਲੋਅ) 0753-30624

(4) ਕੀਰਤਨ ਰੈਣ ਸਬਾਈ 13.10.90 ਨੂੰ ਗੁਰਦਵਾਰਾ ਗੁਰੂ ਨਾਨਕ, 12-16, ਪੋਰਟਲੈਂਡ ਰੋਡ, ਲੂਟਨ ਵਿਖੇ, ਗੁਰਦਵਾਰਾ ਫ਼ੋਨ 0582-571629, ਭਾ: ਹਰਜੀਤ ਸਿੰਘ 0582-450950


www.AKJ.Org

## ਸ਼ਹੀਦੀ ਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | |
|---|---|---|
| ਸ: ਜੇ.ਐਸ. ਖਨੂਜੂ, ਗੋਆ | | ੫੦-੦੦ |
| ਸ: ਹਰਦਿਤ ਸਿੰਘ, ਨਵੀਂ ਦਿਲੀ | | ੨੦੦-੦੦ |
| ਸ: ਦਿਆਲ ਸਿੰਘ, ਸਾਊਥਾਲ | ਯੂ.ਕੇ | ੧੧੭੫-੦੦ |
| ਸ: ਲੈਂਬਰ ਸਿੰਘ, ਸਲੋਅ(ਬੱਚੇ ਦੇ ਅਨੰਦਸਮੇਂ) | | ੧੫੩੦੦-੦੦ |
| ਸ: ਨਿਰਮਲ ਸਿੰਘ, ਲਸਿਸਟਰ | ਯੂ.ਕੇ | ੫੫੦-੦੦ |
| ਸਾਧ ਸੰਗਤ ਸਾਊਥਾਲ | ,, | ੪੭੬੦-੦੦ |
| ਸਾਧ ਸੰਗਤ ਕਵੈਂਟਰੀ | ,, | ੪੦੫੦-੦੦ |
| ਸ: ਕੁਲਵੰਤ ਸਿੰਘ, ਨੌਟਿੰਘਮ | ,, | ੧੦੮੦-੦੦ |
| ਸ: ਮਲਕੀਅਤ ਸਿੰਘ, ਸਲੋਅ | ,, | ੬੭੫-੦੦ |
| ਸ: ਨਿਰਮਲ ਸਿੰਘ, ਬਰਮਿੰਘਮ | ,, | ੪੦੫-੦੦ |
| ਸ: ਗੁਰਮੇਜ ਸਿੰਘ, ਬਰਮਿੰਘਮ | ,, | ੪੦੫-੦੦ |
| ਸ: ਮਹਿੰਦਰ ਸਿੰਘ ਖਾਲਸਾ, ਬਰਮਿੰਘਮ | ,, | ੨੭੦-੦੦ |
| ਸ:ਤ੍ਰਿਲੋਚਨਸਿੰਘ,ਬਰਮਿੰਘਮ(ਬੱਚੇਦਾਜਨਮਦਿਨ) | | ੨੮੦੦-੦੦ |
| ਬੀਬੀਆਂ ਵਰਕਰਜ਼ ਸੇਵਕੋ ਫ਼ੈਕਟਰੀ ਸਲੋਅ | ਯੂ.ਕੇ | ੨੧੬੦-੦੦ |
| ਸ: ਮਲਕੀਅਤ ਸਿੰਘ, ਸਲੋਅ | ,, | ੧੩੫੦-੦੦ |
| ਸ: ਹਰਬਖਸ਼ ਸਿੰਘ ਸਰਾਏ, ਚੈਂਥਮ ਕੈਂਟ | ,, | ੩੧੦੮-੦੦ |
| ਸ: ਗਰਨਾਮ ਸਿੰਘ, ਰੈਡਿੰਗ | ,, | ੧੬੫੦-੦੦ |
| ਸਾਧ ਸੰਗਤ ਸਵਿਟਜ਼ਰਲੈਂਡ ..... | | ੧੦੮੦੦-੦੦ |
| ਸ: ਜਗਜੀਤ ਸਿੰਘ ਮੁਲਤਾਨੀ ਸਵਿਟਜ਼ਰਲੈਂਡ | | ੧੪੦੦-੦੦ |
| ਸ:ਜਸਵੰਤ ਸਿੰਘ ਭੁੱਟੀ, ਰੈਡਿੰਗ (ਸਮਾਗਮਚੜ੍ਹਾਵਾ) | | ੭੫੦-੦੦ |
| ਏ.ਐਸ. ਪੁਰੇਵਾਲ, ਸਲੋਅ ਯੂ.ਕੇ | | ੫੮੦-੦੦ |
| ਸ: ਜਰਨੈਲ ਸਿੰਘ, ਸਲੋਅ | ਯੂ.ਕੇ | ੨੯੦੦-੦੦ |
| ਸ: ਗੁਰਦੇਵ ਸਿੰਘ, ਸਲੋਅ | ਯੂ ਕੇ | ੭੨੫-੦੦ |
| ਸ. ਐਨ. ਐਸ. ਸਲੋਅ | ,, | ੧੩੦੫-੦੦ |
| ਸ: ਜਸਵੰਤ ਸਿੰਘ, ਸਲੋਅ | ,, | ੧੪੫੦-੦੦ |
| ਬੀਬੀ ਸਤਨਾਮ ਕੌਰ, ਸਲੋਅ | ,, | ੨੯੦-੦੦ |
| ਸਾਧ ਸੰਗਤ ਸਿਖ ਟੈਂਪਲ ਹਰਡਜ਼ਫੀਲਡ (ਕੀਰਤਨ ਭੇਟ) | | ੬੩੮੦-੦੦ |
| ਸ: ਕੁਲਵੰਤ ਸਿੰਘ ਨੌਟਿੰਘਮ | ਯੂ.ਕੇ | ੮੭੦-੦੦ |
| ਸਾਧ ਸੰਗਤ ਗ੍ਰੇਵਜ਼ੈਂਡ ਕੈਂਟ | ,, | ੪੨੫੦-੦੦ |
| ਬੀਬੀ ਬਲਬੀਰ ਕੌਰ, ਚੈਂਥਮ ਕੈਂਟ | ,, | ੫੮੦-੦੦ |
| ਸ: ਮਲਕੀਅਤ ਸਿੰਘ, ਸਲੋਅ | ,, | ੭੨੫-੦੦ |
| ਬੀਬੀ ਕੰਵਰਜੀਤ ਕੌਰ, ਅੰਬਾਲਾ | | ੨੧੦-੦੦ |
| ਸ: ਗੁਰਪੁਰਬ ਸਿੰਘ, ਸ੍ਰੀ ਨਗਰ | | ੧੦੦-੦੦ |
| ਸ: ਅਮਰਜੀਤ ਸਿੰਘ, ਸ਼ਿਮਲਾਪੁਰੀ, ਲੁਧਿਆਣਾ | | ੫੦੦-੦੦ |
| ਸਾਧ ਸੰਗਤ ਕੋਪਨ ਹੇਗਨ, ਡੈਨਮਾਰਕ | | ੩੯੧੯-੧੭ |
| Cpl. ਕੁਲਦੀਪ ਸਿੰਘ ਜਲਾਹਲੀ ਵੈਸਟ, ਬੈਂਗਲੋਰ | | ੨੦੦-੦੦ |
| ਸ: ਪ੍ਰਦੁੰਮਨ ਸਿੰਘ, ਜਲੰਧਰ | | ੧੦੦-੦੦ |
| ਸ: ਕੇਵਲ ਸਿੰਘ, ਗਾਂਧੀਧਾਮ, ਕੱਛ | | ੧੫੦-੦੦ |
| ਸ: ਅਵਤਾਰ ਸਿੰਘ, ਅੰਮ੍ਰਿਤਸਰ | | ੫੦-੦੦ |
| ਸ: ਭਗਵੰਤ ਸਿੰਘ, ਜਲੰਧਰ | | ੨੦੦-੦੦ |
| ਬੀ: ਜਸਵਿੰਦਰ ਕੌਰ, ਸਲੋਅ (ਪੰ:ਬਿਹਾਰੀ ਲਾਲ ਦੀ ਲੜਕੀ ਦੀ ਸ਼ਾਦੀ ਲਈ) | | ੨੭੦੦-੦੦ |

## ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀ: ਸਰਬਜੀਤ ਕੌਰ ਪੁਤਰੀ ਸ: ਪਿਆਰਾ ਸਿੰਘ, ਖੱਖਰ (ਗੁਰਦਾਸਪੁਰ)—ਭਰਾ ਸ਼ਹੀਦ, ਅਨੰਦ ਕਾਰਜ ਲਈ | ੫੦੦੦-੦੦ |
| ਬੀ: ਪ੍ਰਕਾਸ਼ ਕੌਰ ਪਤਨੀ ਸ: ਦਲਬੀਰ ਸਿੰਘ ਕੋਟਲੀ ਸਜੀਪੁਰ— ਪਤੀ ਜੇਲ੍ਹ, ਪੈਰਵੀ ਲਈ | ੫੦੦੦-੦੦ |
| ਬੀ: ਚਰਨਜੀਤ ਕੌਰ ਪਤਨੀ ਸ: ਹਰਸੇਵਕ ਸਿੰਘ ਪੰਜੋਖਰਾ (ਅੰਬਾਲਾ)— ਪਤੀ ਜੇਲ੍ਹ, ਪੈਰਵੀ ਲਈ | ੧੦,੦੦੦-੦੦ |
| ਬੀ: ਬਲਬੀਰ ਕੌਰ ਪਤਨੀ ਸ: ਸਰੂਪ ਸਿੰਘ, ਨੰਗਲ ਖੂੰਗਾ (ਹੁਸ਼ਿਆਰਪੁਰ) ਪਤੀ ਲਾ-ਪਤਾ, ਘਰੋਗੀ ਲੋੜਾਂ | ੫੦੦੦-੦੦ |
| ਬੀ: ਪਰਮਜੀਤ ਕੌਰ ਪਤਨੀ ਸ. ਕੁਲਦੀਪ ਸਿੰਘ ਮਾਸਕ ਸਹਾਇਤਾ-ਬਕਾਇਆ ਚਾਰ ਮਹੀਨਿਆਂ ਦੀ | ੧੨੦੦-੦੦ |
| ਬੀ: ਗੁਰਦੇਵ ਕੌਰ ਅੰਮ੍ਰਿਤਸਰ ਮਾਸਕ ਸਹਾਇਤਾ | ੩੦੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਸ: ਭਜਨ ਸਿੰਘ (ਮਦਰਾਸੀ ਪਰਵਾਰ) | ੧੦੦-੦੦ |

## ਸੂਰਾਂ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਭਾਈ ਜੀਵਨ ਸਿੰਘ ਜੀ | ੨੪੦੦-੦੦ |
| ਸ: ਰਾਜਿੰਦਰ ਸਿੰਘ ਡਰਬੀ ਯੂ ਕੇ | ੩੦੦-੦੦ |
| ਸ: ਚਰਨਜੀਤ ਸਿੰਘ, ਸਲੋਅ ਯੂ ਕੇ | ੩੫੦-੦੦ |
| ਸ: ਅਰਜਨ ਸਿੰਘ, ਦੁਸਾਂਝ | ੫੧-੦੦ |
| ਸ:ਅਤਰਸਿੰਘ ਨਵੀਂ ਦਿਲੀ(ਬੀਬੀ ਦੇ ਭੋਗ ਸਮੇਂ | ੩੫-੦੦ |
| ਸ: ਲਾਭ ਸਿੰਘ ਚੰਡੀਗੜ੍ਹ | ੫੦-੦੦ |
| ਸ: ਜਸਪਾਲ ਸਿੰਘ, ਸਾਊਥਾਲ ਯੂ ਕੇ | ੧੩੦-੦੦ |
| ਸ: ਅਮਰਜੀਤ ਸਿੰਘ, ਲੁਧਿਆਣਾ | ੧੦੦-੦੦ |
| ਸ: ਭੂਪਿੰਦਰ ਸਿੰਘ, ਰੈਡਿੰਗ ਯੂ ਕੇ | ੫੬੮-੦੦ |
| ਭਾਈ ਜੀਵਨ ਸਿੰਘ ਜੀ | ਦਸ ਹਜ਼ਾਰ ਰੁਪਏ |

www.AKJ.Org

# ਦਿੱਲੀ ਸਾਲਾਨਾ ਕੀਰਤਨ ਸਮਾਗਮ

੨੭-੯-੯੦ ਸਵੇਰ ਗੁ: ਸੀਸ ਗੰਜ ਸਾਹਿਬ, ਚਾਂਦਨੀ ਚੌਕ — ਸ਼ਾਮ ਗੁ: ਬੰਗਲਾ ਸਾਹਿਬ, ਨਵੀਂ ਦਿਲੀ
੨੮-੯-੯੦ ,, ਗੁਰਦਵਾਰਾ ਬੰਗਲਾ ਸਾਹਿਬ — ,, ਗੁਰਦਵਾਰਾ ਬੰਗਲਾ ਸਾਹਿਬ
੨੯-੯-੯੦ ,, ਗੁਰਦਵਾਰਾ ਬੰਗਲਾ ਸਾਹਿਬ — ਰੈਣ ਸਬਾਈ ਕੀਰਤਨ ਰਾਤ ੮ ਵਜੇ ਅਰੰਭ ਗੁ: ਰਕਾਬਗੰਜ ਸਾਹਿਬ
ਅੰਮ੍ਰਿਤ ਸੰਚਾਰ ੨੯.੯.੯੦ ਸ਼ਾਮ ੬ ਵਜੇ ਗੁ: ਰਕਾਬਗੰਜ ਸਾਹਿਬ (੩੦ ਸਤੰਬਰ ਐਤਵਾਰ ਸਵੇਰੇ ੬ ਵਜੇ ਸਮਾਪਤੀ)
ਰਿਹਾਇਸ਼ ਤੇ ਲੰਗਰ--ਗੁਰੂ ਤੇਗ ਬਹਾਦਰ ਹਾਇਰ ਸਕੈਂਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿਲੀ
ਪ੍ਰਾਰਥਕ ਦਾਸ—ਅਖੰਡ ਕੀਰਤਨੀ ਜਥਾ ਦਿਲੀ

## ਬਾਊ ਮੱਲ ਸਿੰਘ ਜੀ ਦੀ ਯਾਦ ਵਿਚ ਸਾਲਾਨਾ ਸਮਾਗਮ ਅੰਮ੍ਰਿਤਸਰ ਵਿਖੇ

ਰੰਗਲੇ ਸਜਣ ਬਾਊ ਮੱਲ ਸਿੰਘ ਜੀ ਦੀ ਬਰਸੀ ਦੇ ਸੰਬੰਧ ਵਿਚ ਉਨ੍ਹਾਂ ਦੇ ਸਪੁਤਰ ਕਰਨਲ ਕੁਲਵੰਤ ਸਿੰਘ ਦੇ ਗ੍ਰਿਹ ੪੦ ਰਾਣੀ ਕਾ ਬਾਗ ਵਿਖੇ ੧੨ ਤੋਂ ੧੪ ਅਕਤੂਬਰ ਸ੍ਰੀ ਅਖੰਡ ਪਾਠ, ਉਪਰੰਤ ਸਵੇਰੇ ੬ ਤੋਂ ੧੧ ਤਕ ਕੀਰਤਨ।

## ਦਿਆਲਪੁਰ ਵਿਖੇ ਸਾਲਾਨਾ ਸਮਾਗਮ ਰੈਣ ਸਬਾਈ ਤੇ ਅੰਮ੍ਰਿਤ ਸੰਚਾਰ

੬.੧੦.੯੦ ਸ਼ਨੀਵਾਰ ਸਵੇਰੇ ਅਖੰਡਪਾਠ ਭੋਗ, ਦੁਪਹਿਰ ਤਕ ਕੀਰਤਨ, ਰਾਤ ਰੈਣ ਸਬਾਈ

## ਪਠਾਨਕੋਟ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੬ ਤੋਂ ੯ ਸਤੰਬਰ ਸਵੇਰ ਤਕ

## ਗੁ: ਪਾਤਸ਼ਾਹੀ ੬ ਪੁਲ ਪੁਖਤਾ (ਟਾਂਡਾ) ਵਿਖੇ ਸਾਲਾਨਾ ਸਮਾਗਮ ਤੇ ਅੰਮ੍ਰਿਤ ਸੰਚਾਰ

੧੩ ਤੋਂ ੧੫ ਸਤੰਬਰ ਸ੍ਰੀ ਅਖੰਡਪਾਠ, ਉਪ੍ਰੰਤ ਦੁਪਹਿਰ ਤਕ ਕੀਰਤਨ, ਰਾਤ ਨੂੰ ਰੈਣ ਸਬਾਈ ਕੀਰਤਨ

## ਭਾਈ ਗੁਰਦੇਵ ਸਿੰਘ ਜੀ ਦੀ ਪਹਿਲੀ ਬਰਸੀ ਸਮੇਂ ਸ੍ਰੀ ਮੁਕਤਸਰ ਵਿਖੇ ਸ੍ਰੀ ਅਖੰਡਪਾਠ ਸਮਾਗਮ

੧੨ ਤੋਂ ੧੪ ਅਕਤੂਬਰ ਨੂੰ ਉਨ੍ਹਾਂ ਦੇ ਗ੍ਰਿਹ ੭੦੪੧-ਗਲੀ ਨਰਸਰੀ ਸਕੂਲ, ਮਲੋਟ ਰੋਡ, ਨੇੜੇ ਦਰਬਾਰ ਸਾਹਿਬ ਮੁਕਤਸਰ

## ਪਿੰਡ ਬਲੀ ਕਲਾਂ ਜ਼ਿਲਾ ਰੋਪੜ (ਨੇੜੇ ਥਰਮਲ ਪਲਾਂਟ ਘਨੌਲੀ) ਵਿਖੇ ਰੈਣ ਸਬਾਈ

੮.੯.੯੦ ਸਵੇਰੇ ਅਖੰਡਪਾਠ ਭੋਗ ਉਪ੍ਰੰਤ ੧੧ ਵਜੇ ਤਕ ਕੀਰਤਨ, ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ

ਸ੍ਰੀ ਗੁਰੂ ਸਿੰਘ ਸਭਾ, ਨਿਊ ਮਾਡਲ ਟਾਊਨ, ਲੁਧਿਆਣਾ ੧ ਅਕਤੂਬਰ ਸੋਮਵਾਰ ਰੈਣ ਸਬਾਈ ਕੀਰਤਨ

ਗੁ: ਲੋਹਗੜ੍ਹ ਦੀਨਾ ਸਾਹਿਬ (ਫ਼ਰੀਦਕੋਟ) ੧੫ ਸਤੰਬਰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ

ਮਾਸਕ ਰੈਣ ਸਬਾਈ ਕੀਰਤਨ ੧੫ ਸਤੰਬਰ, ਗ੍ਰਿਹ ਭਾ: ਮਾਨ ਸਿੰਘ, ੧੮੦-ਮਾਡਲ ਗ੍ਰਾਮ ਲੁਧਿਆਣਾ

ਮੁਹਾਲੀ ੩੯੩, ਫੇਜ਼ ੩-ਏ, ੮ ਸਤੰਬਰ ਰੈਣ ਸਬਾਈ ਕੀਰਤਨ ਹਕੀਮ ਖਜ਼ਾਨ ਸਿੰਘ ਦੀ ਯਾਦ ਵਿਚ

ਸ੍ਰੀ ਤਰਨ ਤਾਰਨ ਸਾਹਿਬ (ਕਥਾ ਅਸਥਾਨ) ਵਿਖੇ ੯ ਸਤੰਬਰ (ਭੋਗ ਉਪ੍ਰੰਤ) ਦਿਵਸ ਸੁਹੇਲਾ ਕੀਰਤਨ

ਪਿੰਡ ਸੁਰਸਿੰਘ (ਅੰਮ੍ਰਿਤਸਰ) ਪੱਤੀ ਮਾਣਾ ਕੀ, ਗ੍ਰਿਹ ਭਾ: ਬਲਦੇਵ ਸਿੰਘ ਅਖੰਡਪਾਠ ਭੋਗ ੨੩ ਸਤੰਬਰ

ਬਾਗੜੀਆਂ (ਤਰਨ ਤਾਰਨ) ੧੪ ਅਕਤੂਬਰ (ਭੋਗ ਉਪ੍ਰੰਤ), ਗ੍ਰਿਹ ਭਾ: ਸਮੁੰਦ ਸਿੰਘ ਬੱਚੀ ਦਾ ਅਨੰਦਕਾਰਜ

---

## ਯੂ.ਕੇ. (ਇੰਗਲੈਂਡ) ਵਿਚ ਕੀਰਤਨ ਸਮਾਗਮ

ਭਾਈ ਜੀਵਨ ਸਿੰਘ ਜੀ ੧.੮.੯੦ ਤੋਂ ਯੂ.ਕੇ. ਦੇ ਕੋਨੇ ਕੋਨੇ 'ਚ ਪੁਜ ਕੇ ਕੀਰਤਨ ਦੀ ਅਥਾਹ ਸੇਵਾ ਨਿਭਾ ਰਹੇ ਹਨ। ੧੬.੯.੯੦ ਐਤਵਾਰ ਸ: ਜਸਵੰਤ ਸਿੰਘ ਭੱਟੀ ਦੀ ਬੱਚੀ ਦੇ ਅਨੰਦ ਕਾਰਜ ਸਮੇਂ ਗੁਰਦਵਾਰਾ ਗੁਰੂ ਨਾਨਕ, ੩੦-੩੧ ਕੰਬਰ ਲੈਂਡ, ਰੈਡਿੰਗ ਵਿਚ ਹਾਜ਼ਰੀ ਭਰ ਕੇ ਕਿਸੇ ਹੋਰ ਮਲਕ ਨੂੰ ਜਾਣਗੇ।

---

ਡਰਾਫ਼ਟ, ਮਨੀਆਰਡਰ ਤੇ ਚਿੱਠੀ ਪੱਤਰ ਭੇਜਣ ਦਾ ਪਤਾ

**'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org